To,

The Registrar,
Hon'ble National Green Tribunal,
Principal Bench, New Delhi.

No: Spl-I/PGA. Dated: 30/11/2023

Subject: Action taken Report in the matter of Original Application No. 428/2023, titled as " S.C. Kaushal Vs State of Punjab", Fixed for 06.12.2023.

In compliance with the orders dated 30.10.2023, in the matter of Original Application No. 428/2023, titled as "S.C. Kaushal Vs State of Punjab", fixed for 06.12.2023, the "Action taken Report" is sent herewith, for kind information and for placing the same before the Hon'ble Court.

Encl as: Above

Deputy Commissioner,
Kapurthala.

**Action taken Report by Deputy Commissioner, Kapurthala in Compliance with the orders dated 30.10.2023 of Hon'ble National Green Tribunal, Principal Bench,New Delhi in the matter of Original Application No. 428/2023 Titled " S.C. Kaushal V/s State of Punjab"**

The Hon'ble Principal Bench, National Green Tribunal, New Delhi, vide its order dated 30.10.2023 in the matter of Original Application No. 428/2023 titled "S.C. Kaushal V/s State of Punjab sought a Fresh Action Taken Report from Deputy Commissioner, Kapurthala after looking into the issues personally and to file the same within one month.

Earlier, Factual & Action taken Report by Joint Committee in Compliance with the orders dated 01.08.2023 was filed in the Hon'ble Court. However, in pursuance of the order dated 30.10.2023 and to file the Action Taken Report again, a fresh report from District Development and Panchayat Officer, Kapurthala and Senior Superintendent of Police, Kapurthala was called for because in the earlier report, DDPO Kapurthala had failed to bring into the knowledge of the undersigned the exact position of the present case. The details of reports, so received, are as under:-

**(A) Report of District Development & Panchayat Officer, Kapurthala :-** In this report, District Development and Panchayat Officer, Kapurthala, vide his letter no. DDPO/SPL-1 dated 23.11.2023 has submitted to this office that the lease agreement, vide which the land was given to said Mr. Man Singh S/o Surjan Singh on lease @ Rs. 90,000 per annum for the year 2023-2024 has been cancelled by him (DDPO Kapurthala) vide his order dated 07.11.2023 as the said land was given on lease during the pendency of the eviction petition in his court, which is not as per law. He further submitted in his report that he has already issued show

cause notices to the erring officials.

Apart from this, he further submitted that in order to know the actual facts of the remaining areas mentioned in the complaint, the Tehsildar Kapurthala, vide letter no/Reader/DDPO/715 dated 07-11-2023, was written for getting demarcation of the disputed land.

According to Demarcation report, Total land measuring 5A-0K-13M was found to be encroached illegally by Lord Krishna College. Out of this land, Bathroom and Service Station have been built on the land measuring 0-5 Marla out of land bearing Khasra No: 1//17(7-7), there is boundary wall on Khasra No. bearing 1//18(0-18), Khasra No. 1//24(6-3) is occupied illegally with basketball Ground, Land measuring 1 Kanal-13 Marla out of Khasra no 6//3(2-4) has been occupied illegally with Gate of Lord Krishna College, Land measuring 7 Kanal-16 Marla out of Khasra no 6//4(8-0) is occupied illegally with College Ground, Khasra No. 6//5(8-0) occupied by Pond & Eucalyptus Trees, Land measuring 7 Kanal-5 Marla out of Khasra no 6//6(8-0) has been occupied illegally with Pond, Land measuring 1 Kanal-13 Marla out of Khasra no 6//3(2-4) has been occupied illegally. He further submitted in his report that he has issued orders to evict all the respondents listed in the petition pending in his court filed by the Gram Panchayat Badshahpur, from the Shamlat land for which the proceedings for delivering the possession of the Shamlat Land to Gram Panchayat Badshahpur have been initiated.

**(B) Report of Senior Superintendent Of Police Kapurthala**

In the report of SSP Kapurthala, it has been submitted that after examining the report of DSP (SD) Bholath, it has been found that

the trees were cut from the Panchayat land by Man Singh Dham. The leaves and debris of the tree are also present on the site itself, from which, nothing has been revealed that Mann Singh Dam has taken these trees away after any theft because the planks of wood and cut branches and leaves/debris of the tree are also present on the spot and an FIR No. 169 Dated: 25.11.2023 U/s 379/447/427 IPC, PS Subhanpur, District Kapurthala has been registered against the respondent Mann Singh.

**Conclusion:**

The grievances in this case are regarding encroachment on land owned by Gram Panchayat Badshahpur and illegally cutting and sale of trees standing over the same by one Man Singh S/o Surjan Singh, the Vice Chairman, Lord Krishna Education Society. The Hon'ble Principal Bench, National Green Tribunal, New Delhi, vide its order Dated 30.10.2023 sought a Fresh Action Taken Report from Deputy Commissioner, Kapurthala after looking into the issues personally and to file the same within one month. In compliance with the order dated 30.11.2023, Reports from District Development and Panchayat Officer, Kapurthala and Senior Superintendent of Police, Kapurthala have been called for.

- **Report of District Development and Panchayat Officer, Kapurthala** was perused. As per his report, the lease agreement, vide which the land was given to said Man Singh S/o Surjan Singh on lease @ Rs. 90,000 per annum for the year 2023-2024 has been cancelled by him (DDPO Kapurthala) as stated in detailed above.

  Furthermore, DDPO Kapurthala vide his separate order dated

23.11.2023, has passed **an eviction order for the remaining land, encroached illegally by Lord Krishna College** (Copy attached at Annexure A). The due process as per law for delivering the possession of this land to Gram Panchayat Badshahpur has been initiated.

- **Report of Senior Superintendent of Police, Kapurthala** was perused. As per report, trees were got cut by Man Singh from the Panchayat Land. However, the planks of wood and debris of these trees were found on the spot which revealed that no theft of trees have been taken place by Sh. Mann Singh. Only the trees have been got cut by him. Hence, an FIR No. 169 Dated: 25.11.2023 U/s 379/447/427 IPC, PS Subhanpur, District Kapurthala has been registered against the respondent Mann Singh.

From these two reports from District Development and Panchayat Officer, Kapurthala and Senior Superintendent of Police, Kapurthala, it is clear that due action under the Law has been taken or initiated against the defaulters.

Report is submitted before this Hon'ble Court, for kind perusal and for information, please.

**Deputy Commissioner,**
**Kapurthala.**

Annexure – 'A'

ਬਾ ਅਦਾਲਤ ਸ੍ਰੀ ਹਰਜਿੰਦਰ ਸਿੰਘ ਸੰਧੂ ਜਿਲਾ ਵਿਕਾਸ ਅਤੇ ਪੰਚਾਇਤ ਅਫਸਰ-ਕਮ-ਕੁਲੈਕਟਰ ਪੰਚਾਇਤ ਲੈਂਡਜ ਕਪੂਰਥਲਾ।

ਮਿਸਲ ਨੰਬਰ ਕੇਪੀਟੀ/ਡੀਡੀਪੀਓ/
ਐਸਈਸੀ/2023/000168
ਤਾਰੀਖ ਰਜੂਆ 02-03-2023
ਤਾਰੀਖ ਫੈਸਲਾ 23-11-2023

ਗ੍ਰਾਮ ਪੰਚਾਇਤ ਬਾਦਸ਼ਾਹਪੁਰ ਤਹਿਸੀਲ ਵਾ ਬਲਾਕ ਫਿਲਵਾ, ਜਿਲਾ ਕਪੂਰਥਲਾ ਰਾਹੀ ਪ੍ਰਬੰਧਕ ਚਰਨਦੀਪ ਸਿੰਘ

.....ਪਟੀਸ਼ਨਰ

ਬਨਾਮ

1.ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਪਿੰਡ ਧੰਮ, ਤਹਿਸੀਲ ਵਾ ਜਿਲਾ ਕਪੂਰਥਲਾ
2.ਬਾਜ ਸਿੰਘ ਪੁੱਤਰ ਬਦਰੀ ਸਿੰਘ ਵਾਸੀ ਪਿੰਡ ਬਾਦਸ਼ਾਹਪੁਰ,ਤਹਿਸੀਲ ਵਾ ਜਿਲਾ ਕਪੂਰਥਲਾ
3.ਲਖਵੀਰ ਸਿੰਘ
4.ਸੁਖਦੇਵ ਸਿੰਘ ਉਰਫ ਕਾਲਾ ਪੁੱਤਰਾਨ ਸਵਰਨ ਸਿੰਘ ਵਾਸੀ ਪਿੰਡ ਬੂਟ,ਤਹਿਸੀਲ ਵਾ ਜਿਲਾ ਕਪੂਰਥਲਾ
5.ਅਵਤਾਰ ਸਿੰਘ ਵਾ ਰਾਜ ਸਿੰਘ ਪੱਤਰਾਨ ਰਾਮ ਸਿੰਘ ਵਾਸੀ ਪਿੰਡ ਬਾਦਸ਼ਾਹਪੁਰ ,ਤਹਿਸੀਲ ਵਾ ਜਿਲਾ ਕਪੂਰਥਲਾ
6.ਉਕਾਰ ਸਿੰਘ ਪੁੱਤਰ ਅਨੋਖ ਸਿੰਘ ਵਾਸੀ ਪਿੰਡ ਬੂਟ,ਤਹਿਸੀਲ ਵਾ ਜਿਲਾ ਕਪੂਰਥਲਾ

....ਰਿਸਪਾਡੈਂਟਸ

ਪਟੀਸ਼ਨ ਜੇਰ ਧਾਰਾ 7 ਆਫ ਦੀ ਪੰਜਾਬ ਵਿਲੇਜ ਕਾਮਨ ਲੈਂਡਜ (ਰੈਗੂਲੇਸ਼ਨ) ਐਕਟ 1961 ਬਾਬਤ ਬੇਦਖਲੀ ਰਿਸਪਾਡੈਂਟਸ ਜਮੀਨ ਵਾਕਿਆ ਰਕਬਾ ਪਿੰਡ ਬਾਦਸ਼ਾਹਪੁਰ, ਸਬ ਤਹਿਸੀਲ ਫਿਲਵਾ,ਜਿਲਾ ਕਪੂਰਥਲਾ,ਖਤੇਨੀ ਨੰਬਰ 91/88 249 ਖਸਰਾ ਨੰਬਰ 32/0-12,36/92-7,37/74-8,42/4-0, 1//13/1-7, 1//14/2-0, 1//15ਮਿਨ/1-0, 1//16/8-0, 1//17ਮਿਨ/6-2, 1//18/0-18, 1//24/6-3, 1//25/8-0, 2//11/0-17, 2//18/2/2-5, 2//19/6-18, 2//20/8-0, 2//21/8-0, 2//22/7-3, 2//23/1/0-11,ਖਤੇਨੀ ਨੰਬਰ 260 ਖਸਰਾ ਨੰਬਰ 6//22/8-0, 6//23ਮਿਨ/6-12,9//2ਮਿਨ/8-0,9//3/1/0-16 ਕਿਤੇ 4 ਰਕਬਾ 23-8 ਮੁਤਾਬਿਕ ਜਮਾਬੰਦੀ ਸਾਲ 2018-2019 ਜਿਸ ਵਿਚੋ ਕੁਝ ਹਿਸੇ ਤੇ ਰਿਸਪਾਡੈਂਟਸ ਨੇ ਗੈਰਕਾਨੂੰਨੀ ਤਰੀਕੇ ਪਿਛਲੇ ਕਈ ਸਾਲਾ ਤੇ ਕਬਜਾ ਕੀਤਾ ਹੋਇਆ ਹੈ ,ਵਿੱਚੋ ਬੇਦਖਲ ਕੀਤਾ ਜਾਵੇ ਅਤੇ ਉਕਤ ਰਕਬੇ ਦਾ ਕਬਜਾ ਬਾਹੱਕ ਗਰਾਮ ਪੰਚਾਇਤ ਦਵਾਇਆ ਜਾਵੇ ਅਤੇ ਰਿਸਪਾਡੈਂਟਸ ਵੱਲੋ ਨਜਾਇਜ ਵਰਤੇ ਸਬੰਧੀ ਹਰਜਾਨਾ ਮੁਤਾਬਕ ਕਾਨੂੰਨ ਗਰਾਮ ਪੰਚਾਇਤ ਨੂੰ ਦਵਾਇਆ ਜਾਵੇ।

ਹਾਜਰ ਸ੍ਰੀ ਮਨੀਸ਼ ਲੂਥਰਾ ਐਡਵੋਕੇਟ ਵਲੋ ਪਟੀਸ਼ਨਰ
ਸ੍ਰੀ ਗਗਨਦੀਪ ਸਿੰਘ ਐਡਵੋਕੇਟ ਵੱਲੋ ਰਿਸਪਾਡੈਂਟ ਨੰਬਰ-1
ਰਿਸਪਾਡੈਂਟ ਨੰਬਰ-2,3,4,5,6 ਐਕਸ ਪਾਰਟੀ

<u>ਹੁਕਮ</u>

1. ਜਿਲਾ ਵਿਕਾਸ ਅਤੇ ਪੰਚਾਇਤ ਅਫਸਰ ਕਪੂਰਥਲਾ ਦੇ ਹੁਕਮ ਪਿੰਨ ਅੰਕਣ ਨੰਬਰ/ਰੀਡਰ/ ਡੀਡੀਪੀਓ/4095-4096 ਮਿਤੀ 04-11-2022 ਰਾਹੀ ਪਟੀਸ਼ਨ ਕਰਤਾ ਚਰਨਦੀਪ ਸਿੰਘ ਟੈਕਸ ਕੁਲੈਕਟਰ

ਬਲਾਕ ਫਿਲਵਾ ਜਿਲਾ ਕਪੂਰਥਲਾ ਨੂੰ ਸਰਕਾਰੀ ਕਰਮਚਾਰੀ ਨਿਯੁਕਤ ਕੀਤਾ ਗਿਆ ਇਸ ਸਬੰਧੀ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਵੱਲੇ ਮਤਾ ਮਿਤੀ 08-02-2023 ਨੂੰ ਪਟੀਸ਼ਨ ਕਰਤਾ ਨੂੰ ਨਜਾਇਜ ਕਾਬਜਕਾਰਾ ਦੇ ਖਿਲਾਫ ਮੌਜੂਦਾ ਪਟੀਸ਼ਨ ਦਾਇਰ ਕਰਨ ਦੇ ਪੂਰਨ ਹੱਕ ਦਿੱਤੇ ਗਏ ਹਨ। ਜਿਸ ਨੂੰ ਪਟੀਸ਼ਨ ਦੇ ਤੱਥਾ ਬਾਰੇ ਚੰਗੀ ਤਰਾ ਜਾਣਕਾਰੀ ਹੈ ਪਟੀਸ਼ਨ ਦੇ ਹੈੱਡ ਨੋਟ ਵਿੱਚ ਦਰਜ ਅਰਾਜੀ ਦਾ ਮਾਲ ਰਿਕਾਰਡ ਜਮਾਬੰਦੀ ਸਾਲ 2018-2019 ਦੇ ਮਾਲਕੀ ਖਾਨੇ ਵਿੱਚ ਸ਼ਾਮਲਾਤ ਦੇਹ ਦਾ ਇੰਦਰਾਜ ਦਰਜ ਹੈ। ਜਿਸ ਦੀ ਕਾਨੂੰਨ ਅਨੁਸਾਰ ਮਾਲਕ ਗ੍ਰਾਮ ਪੰਚਾਇਤ ਹੈ।ਝਗੜੇ ਵਾਲੀ ਅਰਾਜੀ ਦਾ ਪ੍ਰਬੰਧ ਅਤੇ ਕੰਟਰੋਲ ਗਰਾਮ ਪੰਚਾਇਤ ਕਰਦੀ ।ਰਿਸਪਾਡੈਂਟਸ ਨੇ ਹੈਡ ਨੋਟ ਵਿੱਚ ਦਰਜ ਅਰਾਜੀ ਤੇ ਪਿਛਲੇ ਕੁਝ ਸਾਲਾ ਤੋ ਗੈਰ ਕਾਨੂੰਨੀ ਅਤੇ ਗਲਤ ਢੰਗ ਨਾਲ ਨਜਾਇਜ਼ ਕਬਜ਼ਾ ਕੀਤਾ ਹੈ ਜਿਸ ਦੇ ਉਹਨਾ ਨੂੰ ਕੋਈ ਕਾਨੂੰਨੀ ਹੱਕ ਹਾਸਲ ਨਹੀ ਹਨ। ਝਗੜੇ ਵਾਲੀ ਅਰਾਜੀ ਗ੍ਰਾਮ ਪੰਚਾਇਤ ਦੀ ਮਲਕੀਅਤ ਹੈ ਅਤੇ ਪੰਚਾਇਤ ਵਿੱਚ ਵੈਸਟ ਕਰਦੀ ਹੈ।ਪਟੀਸ਼ਨਰ ਦੁਆਰਾ ਰਿਸਪਾਡੈਂਟਸ ਨੂੰ ਝਗੜੇ ਵਾਲੀ ਅਰਾਜੀ ਦਾ ਕਬਜਾ ਬਾਹੱਕ ਗਰਾਮ ਪੰਚਾਇਤ ਛੱਡਣ ਲਈ ਕਈ ਵਾਰ ਬੇਨਤੀ ਕੀਤੀ ਪਹਿਲਾ ਤਾ ਉਹ ਟਾਲ ਮਟੋਲ ਕਰਦੇ ਰਹੇ ਪ੍ਰੰਤੂ ਹੁਣ ਅਜਿਹਾ ਕਰਨ ਤੋ ਸਾਫ ਤੌਰ ਤੇ ਇਨਕਾਰ ਕਰ ਦਿੱਤਾ।ਝਗੜੇ ਵਾਲੀ ਅਰਾਜੀ ਸਬੰਧਿਤ ਧਿਰਾ ਦੇ ਦਰਮਿਆਨ ਮੌਜੂਦਾ ਪਟੀਸ਼ਨ ਤੋ ਇਲਾਵਾ ਹੋਰ ਕੋਈ ਪਟੀਸ਼ਨ ਕਿਸੇ ਅਦਾਲਤ ਵਿੱਚ ਸੁਣਵਾਈ ਲਈ ਨਹੀ ਹੈ ਅਤੇ ਨਾ ਹੀ ਕਿਸੇ ਕੇਸ ਦੇ ਫੈਸਲਾ ਹੋਇਆ ਹੈ।ਅਦਾਲਤ ਹਜੂਰ ਨੂੰ ਮੌਜੂਦਾ ਪਟੀਸ਼ਨਰ ਨੂੰ ਸੁਣਣ ਦੇ ਪੂਰਨ ਅਖਤਿਆਰ ਹਨ। ਇਸ ਲਈ ਪਟੀਸ਼ਨ ਨੂੰ ਮੰਨਜੂਰ ਕਰਦੇ ਹੋਏ ਰਿਸਪਾਡੈਂਟ ਨੂੰ ਝਗੜੇ ਵਾਲੀ ਅਰਾਜੀ ਤੋ ਬੇਦਖਲ ਕੀਤੇ ਜਾਣ, ਅਰਾਜੀ ਦਾ ਕਬਜਾ ਅਤੇ ਅਰਾਜੀ ਦੀ ਨਜਾਇਜ ਵਰਤੋ ਕਰਕੇ ਲਏ ਗਏ ਲਾਭ ਬਦਲੇ ਕਾਨੂੰਨ ਅਨੁਸਾਰ ਹਰਜਾਨਾ ਪੰਚਾਇਤ ਨੂੰ ਦਿਲਾਏ ਜਾਣ ਦਾ ਹੁਕਮ ਕੀਤਾ ਜਾਵੇ।

2. ਰਿਸਪਾਡੈਂਟਸ ਨੂੰ ਤਲਬ ਕਰਨ ਲਈ ਸੰਮਨ ਜਾਰੀ ਕੀਤੇ ਗਏ ਜਿਸ ਤੇ ਰਿਸਪਾਡੈਂਟ ਨੰਬਰ-6 ਵੱਲੋ ਮਿਤੀ 21-03-2023 ਨੂੰ ਕੌਸਲ ਹਾਜਰ ਅਦਾਲਤ ਆਏ ਅਤੇ ਵਕਾਲਤਨਾਮਾ ਪੇਸ਼ ਕੀਤਾ ਬਾਅਦ ਵਿੱਚ ਗੈਰ ਹਾਜਰ ਹੋ ਜਾਣ ਤੇ ਇਸ ਅਦਾਲਤ ਦੇ ਹੁਕਮ ਮਿਤੀ 26-10-2023 ਰਾਹੀ ਇਕਤਰਫਾ ਕਾਰਵਾਈ ਦਾ ਹੁਕਮ ਅਮਲ ਵਿੱਚ ਲਿਆਦਾ ਗਿਆ। ਰਿਸਪਾਡੈਂਟ ਨੰਬਰ-1 ਵੱਲੋ ਮਿਤੀ 12-10-2023 ਨੂੰ ਕੌਸਲ ਹਾਜਰ ਅਦਾਲਤ ਆਏ ਅਤੇ ਵਕਾਲਤਨਾਮਾ ਪੇਸ਼ ਕੀਤਾ। ਰਿਸਪਾਡੈਂਟ ਨੰਬਰ 2,3,4,5 ਇਸ਼ਤਿਹਾਰ ਅਖਬਾਰ ਜਾਰੀ ਹੋਣ ਦੇ ਬਾਵਜੂਦ ਵੀ ਹਾਜਰ ਅਦਾਲਤ ਨਾ ਆਏ ਜਿਸ ਤੇ ਨੋਟਿਸ ਲੈਂਦੇ ਹੋਏ ਇਸ ਅਦਾਲਤ ਦੇ ਹੁਕਮ ਮਿਤੀ 26-10-2023 ਰਾਹੀ ਰਿਸਪਾਡੈਂਟ ਨੰਬਰ 2,3,4,5 ਦੇ ਖਿਲਾਫ ਇਕਤਰਫਾ ਕਾਰਵਾਈ ਦਾ ਹੁਕਮ ਅਮਲ ਵਿੱਚ ਲਿਆਦਾ ਗਿਆ। ਰਿਸਪਾਡੈਂਟ ਨੰਬਰ-1 ਨੇ ਆਪਣੇ ਜੁਆਬਦਾਵੇ ਵਿੱਚ ਪਟੀਸ਼ਨ ਦੇ ਤੱਥਾ ਨੂੰ ਨਕਾਰਦੇ ਹੋਏ ਦੱਸਿਆ ਕਿ ਪੰਚਾਇਤ ਦੀ ਜਮੀਨ ਉਸ ਦੀ ਜਮੀਨ ਨਾਲ ਲੱਗਦੀ ਹੈ ਜਿਸ ਨੂੰ ਸਾਲ 2018 ਵਿੱਚ ਠੇਕੇ ਤੇ ਲੈਣਾ ਚਾਹੁੰਦਾ ਸੀ ਪ੍ਰੰਤੂ ਗ੍ਰਾਮ ਪੰਚਾਇਤ ਵੱਲੇ ਬਿਨਾ ਕੋਈ ਮੁਨਾਦੀ ਕਰਵਾਏ 65000/-ਰੁਪਏ ਵਿੱਚ ਜਮੀਨ ਠੇਕੇ ਤੇ ਦੇ ਦਿੱਤੀ ਗਈ ਜਦੋ ਰਿਸਪਾਡੈਂਟ ਨੂੰ ਪਤਾ ਲੱਗਾ ਤਾ ਉਸ ਨੇ ਡੀਡੀਪੀਓ ਕਪੂਰਥਲਾ ਜੀ ਨੂੰ ਇਹ ਬੋਲੀ ਰੱਦ ਕਰਨ ਸਬੰਧੀ ਦਰਖਾਸਤ ਦਿੱਤੀ ਸੀ ਅਤੇ 75000/-ਰੁਪਏ ਦੀ ਰਾਸ਼ੀ ਜਮਾ ਕਰਵਾ ਦਿੱਤੀ ਸੀ।ਬਾਅਦ ਵਿੱਚ ਦੂਸਰੀ ਧਿਰ ਵੱਲੋ ਮਾਨਯੋਗ ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤ ਪੰਜਾਬ ਜੀ ਦੀ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ ਜੋ ਕਿ ਸੁਣਵਾਈ ਅਧੀਨ ਹੈ। ਮਈ 2023 ਦੌਰਾਨ ਉਸ ਨੂੰ ਪਤਾ ਲੱਗਾ ਕਿ ਪੰਚਾਇਤ ਦੁਆਰਾ ਇਹ ਜਮੀਨ ਠੇਕੇ ਤੇ ਦਿੱਤੀ ਜਾ ਰਹੀ ਹੈ।ਉਸ ਨੇ ਮਿਤੀ 12-06-2023 ਨੂੰ 90000/-ਰੁਪਏ ਪ੍ਰਤੀ ਸਾਲ ਦੇ ਹਿਸਾਬ ਨਾਲ ਠੇਕੇ ਤੇ ਲੈ ਲਿਆ। ਇਸ ਤਰਾ ਉਸ ਦਾ ਇਸ ਰਕਬੇ ਤੇ ਪਹਿਲਾ ਕੋਈ ਕਬਜਾ ਨਹੀ ਸੀ ਅਤੇ ਮੌਜੂਦਾ ਸਮੇ ਦੌਰਾਨ ਉਸ ਪਾਸ ਇਹ ਰਕਬਾ ਠੇਕੇ ਤੇ ਹੈ ਜਿਸ ਦੇ ਸਬੂਤ ਵੱਜੋ ਰਸੀਦ ਪੇਸ਼ ਕੀਤੀ।

3. ਪਟੀਸ਼ਨਰ ਵੱਲੋ ਬਹਿਸ ਦੌਰਾਨ ਪਟੀਸ਼ਨ ਵਿੱਚ ਦਰਜ ਤੱਥਾ ਦੀ ਪ੍ਰੋੜਤਾ ਕਰਦੇ ਹੋਏ ਦੱਸਿਆ ਕਿ ਹੈੱਡ ਨੋਟ ਵਿੱਚ ਦਰਜ ਅਰਾਜੀ ਦਾ ਮਾਲ ਰਿਕਾਰਡ ਜਮਾਬੰਦੀ ਸਾਲ 2018-2019 ਦੇ ਮਾਲਕੀ ਖਾਨੇ ਵਿੱਚ ਸ਼ਾਮਲਾਤ ਦੇਹ ਦਾ ਇੰਦਰਾਜ ਦਰਜ ਹੈ।ਜਿਸ ਦੀ ਕਾਨੂੰਨ ਅਨੁਸਾਰ ਮਾਲਕ ਗ੍ਰਾਮ ਪੰਚਾਇਤ ਹੈ।ਅਜਿਹੀ ਅਰਾਜੀ ਦਾ ਪ੍ਰਬੰਧ ਅਤੇ ਕੰਟਰੋਲ ਗਰਾਮ ਪੰਚਾਇਤ ਕਰਦੀ। ਰਿਸਪਾਡੈਂਟਸ ਵੱਲੋ ਝਗੜੇ ਵਾਲੀ ਅਰਾਜੀ ਉਪਰ ਗੈਰ ਕਾਨੂੰਨੀ ਅਤੇ ਗਲਤ ਢੰਗ ਨਾਲ ਨਜਾਇਜ਼ ਕਬਜ਼ਾ ਕੀਤਾ ਹੈ ਜਿਸ ਦੇ ਉਹਨਾ ਨੂੰ ਕੋਈ ਕਾਨੂੰਨੀ ਹੱਕ ਹਾਸਲ ਨਹੀ ਹਨ। ਪਟੀਸ਼ਨਰ ਦੇ ਕੌਸਲ ਵੱਲੋ ਦੌਰਾਨੇ ਬਹਿਸ ਪਟੀਸ਼ਨ ਵਿੱਚ ਦਰਜ ਸ਼ਾਮਲਾਤ ਜਮੀਨ ਦੀ ਨਿਸ਼ਾਨਦੇਹੀ ਦੀ ਕਾਪੀ ਪੇਸ਼ ਕੀਤੀ। ਜਿਸ ਵਿੱਚ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਦਾ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਦੀ ਸ਼ਾਮਲਾਤ ਜਮੀਨ ਦੇ ਹੋਰ ਖਸਰਾ ਨੰਬਰ ਉੱਪਰ ਵੀ ਨਜਾਇਜ ਕਬਜਾ ਪਾਇਆ ਗਿਆ। ਜਵਾਬਦਾਵੇ ਵਿੱਚ ਰਿਸਪਾਡੈਂਟ ਨੰਬਰ-1 ਵੱਲੋ ਪਟੀਸ਼ਨ ਵਿਚਲੀ ਜਮੀਨ ਨੂੰ ਠੇਕੇ ਤੇ ਲਈ ਗਈ ਦਰਸਾਇਆ ਗਿਆ ਹੈ ਜਦ ਕਿ ਨਿਸ਼ਾਨ ਦੇਹੀ ਮੁਤਾਬਿਕ ਉਸ ਦਾ ਸ਼ਾਮਲਾਤ ਜਮੀਨ ਉਪਰ ਬਹੁਤ ਪੁਰਾਣਾ

ਨਜਾਇਜ ਕਬਜਾ ਸਾਬਤ ਹੁੰਦਾ ਹੈ। ਇਸ ਲਈ ਪਟੀਸ਼ਨ ਨੂੰ ਮੰਨਜੂਰ ਕਰਦੇ ਹੋਏ ਰਿਸਪਾਡੇਟਸ ਨੂੰ ਝਗੜੇ ਵਾਲੀ ਅਰਾਜੀ ਤੋ ਬੇਦਖਲ ਕੀਤੇ ਜਾਣ, ਅਰਾਜੀ ਦਾ ਕਬਜਾ ਅਤੇ ਅਰਾਜੀ ਦੀ ਨਜਾਇਜ ਵਰਤੋ ਕਰਨ ਬਦਲੇ ਕਾਨੂੰਨ ਅਨੁਸਾਰ ਹਰਜਾਨਾ ਪੰਚਾਇਤ ਨੂੰ ਦਿਲਾਏ ਜਾਣ ਦਾ ਹੁਕਮ ਕੀਤੇ ਜਾਣ ਦੀ ਮੰਗ ਕੀਤੀ।

4. ਰਿਸਪਾਡੇਟ ਨੰਬਰ-1 ਦੇ ਕੌਸਲ ਨੇ ਪਟੀਸ਼ਨ ਦੇ ਤੱਥਾ ਨੂੰ ਨਕਾਰਦੇ ਹੋਏ ਜਵਾਬਦਾਵੇ ਦੇ ਤੱਥਾ ਨੂੰ ਸਹੀ ਠਹਿਰਾਇਆ ਕਿ ਉਹ ਪੰਚਾਇਤ ਦੀ ਜਮੀਨ ਸਾਲ 2018 ਵਿੱਚ ਠੇਕੇ ਤੇ ਲੈਣਾ ਚਾਹੁੰਦਾ ਸੀ ਪ੍ਰੰਤੂ ਗ੍ਰਾਮ ਪੰਚਾਇਤ ਵੱਲੋ ਬਿਨਾ ਕੋਈ ਮੁਨਾਦੀ ਕਰਵਾਏ 65000/-ਰੁਪਏ ਵਿੱਚ ਜਮੀਨ ਠੇਕੇ ਤੇ ਦੇ ਦਿੱਤੀ ਗਈ ਜਦੋ ਰਿਸਪਾਡੇਟ ਨੂੰ ਪਤਾ ਲੱਗਾ ਤਾ ਉਸ ਨੇ ਡੀਡੀਪੀਓ ਕਪੂਰਥਲਾ ਜੀ ਨੂੰ ਇਹ ਬੋਲੀ ਰੱਦ ਕਰਨ ਸਬੰਧੀ ਦਰਖਾਸਤ ਦਿੱਤੀ ਸੀ। ਜਿਸ ਸਬੰਧੀ ਦੂਸਰੀ ਧਿਰ ਵੱਲੋ ਮਾਨਯੋਗ ਡਾਇਰੈਕਟਰ ਪੇਡੂ ਵਿਕਾਸ ਤੇ ਪੰਚਾਇਤ ਪੰਜਾਬ ਜੀ ਦੀ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ ਜੋ ਕਿ ਸੁਣਵਾਈ ਅਧੀਨ ਹੈ। ਮਈ 2023 ਦੌਰਾਨ ਉਸ ਨੂੰ ਪਤਾ ਲੱਗਾ ਕਿ ਪੰਚਾਇਤ ਦੁਆਰਾ ਇਹ ਜਮੀਨ ਠੇਕੇ ਤੇ ਦਿੱਤੀ ਜਾ ਰਹੀ ਹੈ।ਉਸ ਨੇ ਮਿਤੀ 12-06-2023 ਨੂੰ 90000/-ਰੁਪਏ ਪ੍ਰਤੀ ਸਾਲ ਦੇ ਹਿਸਾਬ ਨਾਲ ਠੇਕੇ ਤੇ ਲੈ ਲਿਆ। ਇਸ ਤਰਾ ਉਸ ਦਾ ਇਸ ਰਕਬੇ ਤੇ ਪਹਿਲਾ ਕੋਈ ਕਬਜਾ ਨਹੀ ਸੀ ਅਤੇ ਮੋਜੂਦਾ ਸਮੇ ਦੌਰਾਨ ਉਸ ਪਾਸ ਇਹ ਰਕਬਾ ਠੇਕੇ ਤੇ ਹੈ।ਇਸ ਲਈ ਪਟੀਸ਼ਨਰ ਦੀ ਪਟੀਸ਼ਨ ਖਾਰਜ ਕੀਤੀ ਜਾਣੀ ਬਣਦੀ ਹੈ ਖਾਰਜ ਕੀਤੇ ਜਾਣ ਦੀ ਮੰਗ ਕੀਤੀ।

ਧਿਰਾ ਦੇ ਵਿਦਵਾਨ ਕੌਸਲਾ ਦੀ ਬਹਿਸ ਨੂੰ ਗੋਰ ਨਾਲ ਸੁਣਿਆ ਗਿਆ ਅਤੇ ਮਿਸਲ ਤੇ ਆਏ ਰਿਕਾਰਡ ਨੂੰ ਚੰਗੀ ਤਰ੍ਹਾਂ ਵਾਚਿਆ ਗਿਆ। ਜਮ੍ਹਾਂਬੰਦੀ ਸਾਲ 2018-2019 ਸਪੱਸ਼ਟ ਕਰਦੀ ਹੈ ਕਿ ਝਗੜੇ ਵਾਲੀ ਜਮੀਨ ਸ਼ਾਮਲਾਤ ਦੇਹ ਹੈ ਜੋ ਕਿ ਕਾਨੂੰਨ ਅਨੁਸਾਰ ਗ੍ਰਾਂਮ ਪੰਚਾਇਤ ਵਿੱਚ ਵੈਸਟ ਕਰਦੀ ਹੈ। ਜਿਸ ਦੀ ਕਾਨੂੰਨ ਅਨੁਸਾਰ ਮਾਲਕ ਗ੍ਰਾਮ ਪੰਚਾਇਤ ਹੈ।ਅਜਿਹੀ ਜਮੀਨ ਦੀ ਦੇਖਭਾਲ ਅਤੇ ਪ੍ਰਬੰਧ ਗਰਾਮ ਪੰਚਾਇਤ ਦੁਆਰਾ ਕੀਤਾ ਜਾਣਾ ਹੁੰਦਾ ਹੈ ।ਇਸ ਲਈ ਮਿਸਲ ਵਿੱਚ ਪੇਸ਼ ਰਿਕਾਰਡ ਅਤੇ ਪਟੀਸ਼ਨ ਵਿੱਚ ਦਰਸਾਏ ਤੱਥਾ ਤੋ ਪਾਇਆ ਗਿਆ ਕਿ ਰਿਸਪਾਡੇਟਸ ਝਗੜੇ ਵਾਲੀ ਜਮੀਨ ਉਪਰ ਨਜਾਇਜ ਕਾਬਜ ਹਨ ਅਤੇ ਲੰਮੇ ਸਮੇਂ ਤੋਂ ਨਜਾਇਜ ਕਬਜਾ ਕਰਕੇ ਲਾਭ ਲੈ ਰਹੇ ਹਨ ਜਿਸਦੇ ਉਹਨਾ ਨੂੰ ਕੋਈ ਕਾਨੂੰਨੀ ਹੱਕ ਹਾਸਲ ਨਹੀਂ ਹਨ। ਹੈੱਡ ਨੋਟ ਵਿੱਚ ਦਰਜ ਅਰਾਜੀ ਪੰਜਾਬ ਵਿਲੇਜ ਕਾਮਨ ਲੈਂਡਜ ਐਕਟ 1961 ਦੀ ਧਾਰਾ 2(ਜੀ) ਦੇ ਦਾਇਰੇ ਵਿੱਚ ਆਉਂਦੀ ਹੈ। ਜਿਸ ਤੇ ਮੈ ਹਰਜਿੰਦਰ ਸਿੰਘ ਸੰਧੂ ਜਿਲਾ ਵਿਕਾਸ ਅਤੇ ਪੰਚਾਇਤ ਅਫਸਰ ਕਪੂਰਥਲਾ ਕਮ-ਕੁਲੈਕਟਰ ਪੰਚਾਇਤ ਲੈਡਜ,ਪੰਜਾਬ ਵਿਲੇਜ ਕਾਮਨ ਲੈਂਡਜ(ਰੈਗੁਲੇਸ਼ਨ) ਐਕਟ 1961 ਦੀ ਧਾਰਾ 7 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੈੱਡ ਨੋਟ ਵਿੱਚ ਦਰਜ ਸਾਰੇ ਰਿਸਪਾਂਡੈਂਟਸ ਨੂੰ ਪਟੀਸ਼ਨ ਵਿੱਚ ਦਰਜ ਅਰਾਜੀ ਤੋਂ ਬੇਦਖਲ ਕਰਦਾ ਹਾਂ ਅਤੇ ਅਰਾਜੀ ਦੀ ਨਜਾਇਜ ਵਰਤੋ ਕਰਨ ਬਦਲੇ ਰੂਲ 20 ਦੇ ਤਹਿਤ ਪਿਛਲੇ ਤਿੰਨ ਸਾਲਾ ਦਾ 18000/-ਰੁਪਏ ਸਲਾਨਾ ਪ੍ਰਤੀ ਏਕੜ ਦੇ ਹਿਸਾਬ ਨਾਲ 17,71,537/-ਰੁਪਏ ਹਰਜਾਨਾ ਪਾਉਦਾ ਹਾ। ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਢਿਲਵਾ ਨੂੰ ਹਦਾਇਤ ਕਰਦਾ ਹਾ ਕਿ ਸ਼ਾਮਲਾਤ ਜਮੀਨ ਦਾ ਕਬਜਾ ਵਾ ਹਰਜਾਨਾ ਦੀ ਰਾਸ਼ੀ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਨੂੰ ਦਿਵਾਉਣ ਸਬੰਧੀ ਕਾਨੂੰਨ ਅਨੁਸਾਰ ਲੋੜੀਦੀ ਕਾਰਵਾਈ ਅਮਲ ਵਿੱਚ ਲਿਆਦੀ ਜਾਵੇ। ਮਿਸਲ ਬਾ-ਤਰਤੀਬ ਵਾ-ਤਕਮੀਲ ਦਾਖਲ ਰਿਕਾਰਡ ਰੂਮ ਹੋਵੇ।

ਹੁਕਮ ਖੁੱਲੀ ਅਦਾਲਤ ਵਿੱਚ ਸੁਣਾਇਆ ਗਿਆ।

ਮਿਤੀ 23-11-2023

ਕੁਲੈਕਟਰ ਪੰਚਾਇਤ ਲੈਡਜ

ਕਪੂਰਥਲਾ।

# ਬਾ-ਅਦਾਲਤ ਸ੍ਰੀ ਹਰਜਿੰਦਰ ਸਿੰਘ ਸੰਧੂ, ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ-ਕਮ- ਕੁਲੈਕਟਰ ਪੰਚਾਇਤ ਲੈਂਡਜ਼, ਕਪੂਰਥਲਾ

ਮਿਸਲ ਨੰਬਰ 7/10-ਏ/ਡੀ.ਡੀ.ਪੀ.ਓ
ਕੇਸ ਦਾਇਰ ਕਰਨ ਦੀ ਮਿਤੀ 31.10.2023
ਫੈਸਲੇ ਦੀ ਮਿਤੀ 07.11.2023

ਸਰਪੰਚ, ਗ੍ਰਾਮ ਪੰਚਾਇਤ ਬਾਦਸ਼ਾਹਪੁਰ ਬਲਾਕ ਢਿੱਲਵਾਂ, ਤਹਿਸੀਲ ਵਾ ਜਿਲਾ ਕਪੂਰਥਲਾ।

(ਦਰਖਾਸਤ ਕਰਤਾ)

ਬਨਾਮ

ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਪਿੰਡ ਧੰਮ, ਤਹਿਸੀਲ ਵਾ ਜਿਲਾ ਕਪੂਰਥਲਾ।

(ਮੌਜੂਦਾ ਪਟੇਦਾਰ)

ਦਰਖਾਸਤ ਬਾਬਤ ਜੇਰ ਧਾਰਾ (10-ਏ) ਪੰਜਾਬ ਵਿਲੇਜ਼ ਕਾਮਨ ਲੈਂਡਜ਼ (ਰੈਗੂਲੇਸ਼ਨ) ਐਕਟ 1961 ਅਧੀਨ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਦੀ ਸ਼ਾਮਲਾਤ ਜਮੀਨ ਦੇ ਪਲਾਟ ਨੰਬਰ 6 ਦੀ ਸਾਲ 2023-24 ਲਈ ਕੀਤੀ ਗਈ ਨਿਲਾਮੀ ਰੱਦ ਕਰਨ ਬਾਰੇ।

ਹੁਕਮ

ਮੌਜੂਦਾ ਸਰਪੰਚ, ਗ੍ਰਾਮ ਪੰਚਾਇਤ ਬਾਦਸ਼ਾਹਪੁਰ ਵੱਲੋਂ ਦਰਖਾਸਤ ਦਿਤੀ ਗਈ ਹੈ ਕਿ ਗਰਾਮ ਪੰਚਾਇਤ ਬਾਦਸ਼ਾਹਪੁਰ ਲਈ ਨਾਮਜਦ ਪ੍ਰਬੰਧਕ ਵੱਲੋ ਸ਼ਾਮਲਾਤ ਜਮੀਨ ਦੇ ਪਲਾਟ ਨੰਬਰ 6 ਨੂੰ ਸਾਲ 2023-24 ਲਈ ਨਜਾਇਜ ਕਾਬਜਕਾਰ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਨੂੰ ਬੋਲੀ ਤੇ ਦੇ ਦਿੱਤਾ ਗਿਆ ਜਦ ਕਿ ਮਾਨ ਸਿੰਘ ਦੇ ਖਿਲਾਫ ਨਜਾਇਜ ਕਬਜੇ ਦਾ ਕੇਸ ਇਸ ਅਦਾਲਤ ਵਿੱਚ ਸੁਣਵਾਈ ਅਧੀਨ ਹੈ।ਅਜਿਹੇ ਹਲਾਤ ਵਿੱਚ ਮਾਨ ਸਿੰਘ ਨੂੰ ਸ਼ਾਮਲਾਤ ਜਮੀਨ ਪਟੇ ਤੇ ਦਿੱਤੀ ਜਾਣੀ ਵਾਜਬ ਨਹੀ ਹੈ।ਇਸ ਲਈ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਦੀ ਸ਼ਾਮਲਾਤ ਜਮੀਨ ਦੇ ਪਲਾਟ ਨੰਬਰ 6 ਦੀ ਬੋਲੀ ਰੱਦ ਕੀਤੀ ਜਾਣ ਦੀ ਮੰਗ ਕੀਤੀ ਗਈ।ਇਸ ਤੋਂ ਇਲਾਵਾ ਇਸ ਦਰਖਾਸਤ ਦੇ ਸਬੰਧ ਵਿੱਚ ਸਰਪੰਚ, ਪ੍ਰਬੰਧਕ, ਪੰਚਾਇਤ ਸਕੱਤਰ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਅਤੇ ਮੌਜੂਦਾ ਪਟੇਦਾਰ ਨੂੰ ਬੁਲਾਇਆ ਗਿਆ।ਦਿਆਲ ਸਿੰਘ ਸਰਪੰਚ ਪ੍ਰਬੰਧਕ, ਪੰਚਾਇਤ ਸਕੱਤਰ, ਗਰਾਮ ਪੰਚਾਇਤ ਬਾਦਸ਼ਾਹਪੁਰ, ਹਾਜ਼ਰ ਅਦਾਲਤ ਆਏ ਅਤੇ ਆਪਣੇ ਬਿਆਨ ਕਲਮਬੰਦ ਕਰਵਾਏ।ਮਾਨ ਸਿੰਘ ਪਟੇਦਾਰ ਵੱਲੋ ਇਤਲਾਹ ਕਰਨ ਤੋਂ ਇਨਕਾਰ ਕੀਤਾ ਗਿਆ।ਜਿਸ ਸਬੰਧੀ ਅਮਨਦੀਪ ਕੁਮਾਰ ਸੇਵਾਦਾਰ ਬਲਾਕ ਢਿਲਵਾਂ ਦੀ ਰਿਪੋਰਟ ਨੂੰ ਸਬੰਧਤ ਬੀ.ਡੀ.ਪੀ.ਓ ਢਿਲਵਾਂ ਦੁਆਰਾ ਤਸਦੀਕ ਕੀਤਾ ਜ਼ੋ ਮਾਰਕ-ਏ ਹੈ।

ਸਰਪੰਚ, ਗ੍ਰਾਮ ਪੰਚਾਇਤ ਬਾਦਸ਼ਾਹਪੁਰ ਵੱਲੋ ਬਿਆਨ ਕੀਤਾ ਕਿ ਪ੍ਰਬੰਧਕ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਵੱਲੋ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਦੀ ਸ਼ਾਮਲਾਤ ਜਮੀਨ ਦੇ ਪਲਾਟ ਨੰਬਰ 6 ਨੂੰ ਸਾਲ 2023-24 ਲਈ ਨਜਾਇਜ ਕਾਬਜਕਾਰ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਨੂੰ ਬੋਲੀ ਤੇ ਦਿੱਤਾ ਗਿਆ ਹੈ ਜਦ ਕਿ ਮਾਨ ਸਿੰਘ ਦੇ ਖਿਲਾਫ ਨਜਾਇਜ ਕਬਜੇ ਦਾ ਕੇਸ ਇਸ ਅਦਾਲਤ ਵਿੱਚ ਸੁਣਵਾਈ ਅਧੀਨ ਹੈ।ਅਜਿਹੇ ਹਲਾਤਾ ਵਿੱਚ ਮਾਨ ਸਿੰਘ ਨੂੰ ਸ਼ਾਮਲਾਤ ਜਮੀਨ ਪਟੇ ਤੇ ਦਿੱਤੀ ਜਾਣੀ ਵਾਜਬ ਨਹੀ ਹੈ।ਇਸ ਲਈ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਦੀ ਸ਼ਾਮਲਾਤ ਜਮੀਨ ਦੇ ਪਲਾਟ ਨੰਬਰ 6 ਦੀ ਸਾਲ 2023-24 ਲਈ ਕੀਤੀ ਗਈ ਬੋਲੀ ਰੱਦ ਕੀਤੀ ਜਾਵੇ ਅਤੇ ਸ਼ਾਮਲਾਤ ਜਮੀਨ ਦਾ ਕਬਜਾ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਨੂੰ ਦਿਵਾਇਆ ਜਾਵੇ।

ਚਰਨਦੀਪ ਸਿੰਘ, ਪ੍ਰਬੰਧਕ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਵੱਲੋ ਬਿਆਨ ਕੀਤਾ ਕਿ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਦੀ ਸ਼ਾਮਲਾਤ ਜਮੀਨ ਦੇ ਪਲਾਟ ਨੰਬਰ 6 ਖੁੱਲੀ ਬੋਲੀ ਰਾਹੀਂ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਧੰਮ ਵੱਲੋ ਮਿਤੀ 12.06.2023 ਨੂੰ ਪਟੇ ਤੇ ਦਿੱਤਾ ਗਿਆ ਸੀ।ਇਹ ਬੋਲੀ ਪਿੰਡ ਵਾਸੀਆ ਦੀ ਹਾਜਰੀ ਵਿੱਚ ਉਨ੍ਹਾਂ ਦੀ ਸਹਿਮਤੀ ਅਤੇ ਕਾਨੂੰਨੀ ਪੱਖਾਂ ਨੂੰ ਮੱਦੇ ਨਜਰ ਰੱਖਦੇ ਹੋਏ ਅਤੇ ਸਰਕਾਰ ਵੱਲੋ ਨਜਾਇਜ ਕਬਜੇ ਛਡਵਾਏ ਜਾਣ ਦੀ ਮੁਹਿੰਮ ਤਹਿਤ ਕੀਤੀ ਗਈ ਸੀ।ਇਸ ਪਲਾਟ ਦੀ ਬੋਲੀ ਰੱਦ ਕਰਨ ਸਬੰਧੀ ਉਸ ਨੇ ਸਰਪੰਚ ਦੇ ਬਿਆਨ ਨਾਲ ਸਹਿਮਤੀ ਪ੍ਰਗਟ ਕੀਤੀ ਬੋਲੀ ਰੱਦ ਹੋਣ ਤੇ ਉਸ ਨੂੰ ਕੋਈ ਇਤਰਾਜ ਨਹੀ ਹੈ।

ਸੁਖਦੇਵ ਸਿੰਘ ਪੰਚਾਇਤ ਸਕੱਤਰ ਵੱਲੋਂ ਬਿਆਨ ਕੀਤਾ ਕਿ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਦੀ ਸ਼ਾਮਲਾਤ ਜਮੀਨ ਦਾ ਪਲਾਟ ਨੰਬਰ 6 ਖੁੱਲੀ ਬੋਲੀ ਰਾਹੀਂ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਧੰਮ ਨੂੰ ਮਿਤੀ 12.06.2023 ਨੂੰ ਪਟੇ ਤੇ ਦਿੱਤਾ ਗਿਆ ਸੀ। ਇਹ ਬੋਲੀ ਪਿੰਡ ਵਾਸੀਆ ਦੀ ਹਾਜਰੀ ਵਿੱਚ ਅਤੇ ਸਰਕਾਰ ਵੱਲੋ ਨਜਾਇਜ ਕਬਜੇ ਛਡਵਾਏ ਜਾਣ ਦੀ ਮੁਹਿੰਮ ਤਹਿਤ ਕੀਤੀ ਗਈ ਸੀ। ਬੋਲੀ ਰੱਦ ਕੀਤੀ ਜਾਣੀ ਬਣਦੀ ਹੈ।

ਇਸ ਸਬੰਧੀ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਢਿੱਲਵਾਂ ਵੱਲੋ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਦੀ ਸ਼ਾਮਲਾਤ ਜਮੀਨ ਦੇ ਪਲਾਟ ਨੰਬਰ 6 ਦਾ ਮੌਕਾ ਦੇਖ ਕਿ ਰਿਪੋਰਟ ਕੀਤੀ ਹੈ ਕਿ ਮੌਕੇ ਤੇ ਪਾਇਆ ਗਿਆ ਕਿ ਇਹ ਜਮੀਨ ਲਾਰਡ ਕ੍ਰਿਸ਼ਨਾ ਕਾਲਜ ਵੱਲੋ ਕੁਝ ਰਕਬਾ ਖੇਡ ਗਰਾਂਉਡ ਦੇ ਤੌਰ ਤੇ ਵਰਤੀ ਜਾਂਦੀ ਹੈ ਅਤੇ ਕੁਝ ਰਕਬੇ ਵਿੱਚ ਸਫੈਦੇ ਦੇ ਦਰੱਖਤ ਵੀ ਲੱਗੇ ਹੋਏ ਹਨ ਅਤੇ ਜਿਆਦਾ ਰਕਬਾ ਛੱਪੜ ਦਾ ਰੂਪ ਧਾਰਨ ਕੀਤਾ ਹੋਇਆ ਹੈ ਅਤੇ ਉਸ ਵਿੱਚ ਝਾੜ ਬੂਟੀ ਉੱਗੀ ਹੋਈ ਹੈ। ਜਿਸ ਤੋ ਇਹ ਪ੍ਰਤੀਤ ਹੋ ਰਿਹਾ ਹੈ ਕਿ ਪਟੇਦਾਰ ਵੱਲੋ ਇਹ ਜਮੀਨ ਕਾਸ਼ਤ ਲਈ ਨਹੀ ਵਰਤੀ ਜਾ ਰਹੀ ਜਿਸ ਤੇ ਕੋਈ ਵੀ ਫਸਲ ਦੀ ਬਿਜਾਈ ਅਤੇ ਕਟਾਈ ਹੋਣੀ ਨਹੀ ਪਾਈ ਗਈ ਅਤੇ ਇਸ ਰਕਬੇ ਤੇ ਪਿੱਲਰ ਲਾ ਕੇ ਕੰਡਿਆਲੀ ਤਾਰ ਲਾ ਕੇ ਆਪਣੇ ਕਬਜੇ ਅਧੀਨ ਕੀਤੀ ਹੋਈ ਹੈ। ਪਟੇਦਾਰ ਵੱਲੋ ਇਹ ਜਮੀਨ ਪਹਿਲੀ ਫਸਲ ਲਈ ਵਰਤੀ (ਮੌਕੇ ਮੁਤਾਬਕ ਖਾਲੀ ਰੂਪ ਵਿੱਚ) ਜਾ ਚੁੱਕੀ ਹੈ ਇਸ ਲਈ ਇਹ ਬੋਲੀ ਰੱਦ ਕਰਨ ਲਈ ਸ਼ਿਫਾਰਸ਼ ਕੀਤੀ ਗਈ ਹੈ।

ਮਿਸਲ ਤੇ ਉਪਲੱਬਧ ਰਿਕਾਰਡ ਦੀ ਗੋਹ ਨਾਲ ਘੋਖ ਕਰਨ ਉਪਰੰਤ ਮੈ ਇਸ ਸਿੱਟੇ ਤੇ ਪੁੱਜਾ ਹਾਂ ਕਿ ਗਰਾਮ ਪੰਚਾਇਤ ਬਾਦਸ਼ਾਹਪੁਰ ਵੱਲੋ ਮਿਤੀ 12.06.2023 ਨੂੰ ਪਲਾਟ ਨੰਬਰ 6 ਦੀ ਕੀਤੀ ਗਈ ਬੋਲੀ ਬਿਆਨ ਕਰਤਾਵਾਂ ਦੇ ਬਿਆਨਾਂ ਤੋਂ ਰੱਦ ਹੋਣੀ ਪਾਈ ਜਾਂਦੀ ਹੈ। ਕਿਉਕਿ ਪਟੇ ਵਿੱਚ ਦਰਜ ਜਮੀਨ ਸਬੰਧੀ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੰਜਾਬ ਵਿਲੇਜ਼ ਕਾਮਨ ਲੈਂਡਜ (ਰੈਗੂਲੇਸ਼ਨ) ਐਕਟ 1961 ਦੀ ਧਾਰਾ 7 ਅਧੀਨ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਦੁਆਰਾ ਦਾਇਰ ਕੀਤੀ ਗਈ ਪਟੀਸ਼ਨ ਅਜੇ ਲੰਬਿਤ ਹੈ। ਇਸ ਲਈ ਕਾਨੂੰਨ ਮੁਤਾਬਕ ਨਜਾਇਜ ਕਾਬਜ ਵਿਅਕਤੀ ਨੂੰ ਸ਼ਾਮਲਾਤ ਜਮੀਨ ਪਟੇ ਤੇ ਦਿੱਤੀ ਜਾਣੀ ਉਚਿਤ ਨਹੀ ਹੈ। ਇਸ ਤੋਂ ਇਲਾਵਾ ਪਟੇਦਾਰ ਦੁਆਰਾ ਸ਼ਾਮਲਾਤ ਜਮੀਨ ਨੂੰ ਖੇਤੀਬਾੜੀ ਲਈ ਨਹੀ ਵਰਤਿਆ ਜਾ ਰਿਹਾ ਜਿਸ ਤੋ ਸਪੱਸ਼ਟ ਹੁੰਦਾ ਹੈ ਕਿ ਉਹ ਇਸ ਰਕਬੇ ਤੇ ਪੱਕੇ ਤੌਰ ਤੇ ਆਪਣਾ ਕਬਜਾ ਬਣਾਈ ਰੱਖਣਾ ਚਹੁੰਦਾ ਹੈ। ਇਸ ਲਈ ਮੈ ਜਿਲਾ ਵਿਕਾਸ ਅਤੇ ਪੰਚਾਇਤ ਅਫਸਰ, ਕਪੂਰਥਲਾ-ਕਮ-ਕੁਲੈਕਟਰ, ਪੰਚਾਇਤ ਲੈਂਡਜ਼, ਪੰਜਾਬ ਵਿਲੇਜ਼ ਕਾਮਨ ਲੈਂਡਜ਼ (ਰੈਗੂਲੇਸ਼ਨ) ਐਕਟ 1961 ਦੀ ਧਾਰਾ 10-ਏ ਅਧੀਨ ਮਿਲੇ ਅਧਿਕਾਰਾ ਵਰਤੋਂ ਕਰਦਾ ਹੋਇਆ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਦੇ ਪਲਾਟ ਨੰਬਰ-6 ਦੀ ਬੋਲੀ ਰੱਦ ਕਰਦਾ ਹਾਂ ਅਤੇ ਬੀ.ਡੀ.ਪੀ.ਓ ਢਿੱਲਵਾਂ ਨੂੰ ਹਦਾਇਤ ਕਰਦਾ ਕਿ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਧੰਮ ਵੱਲੋਂ ਪੰਚਾਇਤ ਪਾਸ ਜਮਾਂ ਕਰਵਾਈ ਗਈ ਰਾਸ਼ੀ ਵਿਚੋਂ ਹੁਣ ਤੱਕ ਵਰਤੀ ਗਈ ਜਮੀਨ ਦੀ ਲੀਜ ਦੀ ਬਣਦੀ ਰਕਮ ਕੱਟ ਕੇ ਬਾਕੀ ਦੀ ਰਕਮ ਉਸ ਨੂੰ ਨਿਯਮਾ ਅਨੁਸਾਰ ਵਾਪਸ ਕੀਤੀ ਜਾਵੇ। ਮਿਸਲ ਬਾ-ਤਰਤੀਬ ਵਾ ਤਕਮੀਲ ਦਾਖਲ ਰਿਕਾਰਡ ਰੂਮ ਹੋਵੇ।

ਹੁਕਮ ਖੁਲੀ ਅਦਾਲਤ ਵਿਚ ਸੁਣਾਇਆ ਗਿਆ।

ਮਿਤੀ:-07/11/2023

ਕੁਲੈਕਟਰ ਪੰਚਾਇਤ ਲੈਂਡਜ਼,
ਕਪੂਰਥਲਾ

ਪਿੱਠ ਅੰਕਣ ਨੰਬਰ/ਰੀਡਰ/ਡੀਡੀਪੀਓ/ 720-23 ਮਿਤੀ:- 07-11-2023

ਉਪਰੋਕਤ ਦਾ ਉਤਾਰਾ:-

1. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਢਿੱਲਵਾਂ।
2. ਸਰਪੰਚ ਗ੍ਰਾਮ ਪੰਚਾਇਤ ਬਾਦਸ਼ਾਹਪੁਰ, ਬਲਾਕ ਢਿੱਲਵਾਂ।
3. ਪ੍ਰਬੰਧਕ, ਗ੍ਰਾਮ ਪੰਚਾਇਤ ਬਾਦਸ਼ਾਹਪੁਰ, ਬਲਾਕ ਢਿੱਲਵਾਂ।
4. ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਪਿੰਡ ਧੰਮ ਤਹਿਸੀਲ ਵਾ ਜਿਲਾ ਕਪੂਰਥਲਾ

ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਕੁਲੈਕਟਰ ਪੰਚਾਇਤ ਲੈਂਡਜ਼,
ਕਪੂਰਥਲਾ

ਵੱਲੋਂ

ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ
ਕਪੂਰਥਲਾ।

ਸੇਵਾ ਵਿਖੇ,

ਡਿਪਟੀ ਕਮਿਸ਼ਨਰ
ਕਪੂਰਥਲਾ।

ਨੰਬਰ ਰੀਡਰ/ਡੀ.ਡੀ.ਪੀ.ਓ/ S.P.L-1 ਮਿਤੀ: 23-11-2023

ਵਿਸ਼ਾਂ: ਓਰੀਜਿਨਲ ਐਪਲੀਕੇਸ਼ਨ ਨੰਬਰ:428 ਸਾਲ 2023 ਕੇਸ ਦੀ ਤਾਜਾ ਸਥਿਤੀ ਸਬੰਧੀ ਰਿਪੋਰਟ ਪੇਸ ਕਰਨ ਸਬੰਧੀ।

ਹਵਾਲਾ:- ਆਪ ਜੀ ਦੇ ਦਫਤਰ ਦੇ ਪੱਤਰ ਨੰਬਰ ਸਪੈਸ਼ਲ-1/ਪੀ.ਜੀ.ਏ ਮਿਤੀ 15.11.2023 ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਢਿਲਵਾਂ ਵੱਲੋਂ ਪੱਤਰ ਨੰਬਰ 5858/ਪ.ਅ/ਮਿਤੀ 23.11.2023 ਰਾਹੀਂ ਰਿਪੋਰਟ ਕੀਤੀ ਹੈ ਕਿ ਸ੍ਰੀ ਐਸ.ਸੀ ਕੌਸਲ ਪ੍ਰੇਜੀਡੈਂਟ ਪੱਤਰਕਾਰ ਮੋਰਚਾ ਐਸੋਸੀਏਸ਼ਨ(ਰਜਿ) ਪੰਜਾਬ, ਕਪੂਰਥਲਾ ਵੱਲੋਂ ਨਿਮਨਹਸਤਾਖਰ ਦੇ ਦਫਤਰ ਵਿੱਚ ਕੀਤੀ ਗਈ ਸ਼ਿਕਾਇਤ ਪੜਤਾਲ ਹਿੱਤ ਉਹਨਾਂ ਦੇ ਦਫਤਰ ਨੂੰ ਪ੍ਰਾਪਤ ਹੋਈ ਸੀ।ਜਿਸ ਦੇ ਸਬੰਧ ਵਿੱਚ ਪੰਚਾਇਤ ਅਫਸਰ ਬਲਾਕ ਢਿੱਲਵਾਂ ਅਤੇ ਸਬੰਧਤ ਪੰਚਾਇਤ ਸਕੱਤਰ ਦੀ ਹਾਜਰੀ ਵਿੱਚ ਮੌਕਾ ਦੇਖ ਕੇ ਕੀਤੀ ਗਈ ਰਿਪੋਰਟ ਅਤੇ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਵੱਲੋ ਮਤਾ ਮਿਤੀ 15-11-2022 ਰਾਹੀਂ ਬੀ.ਡੀ.ਪੀ.ਓ ਢਿਲਵਾਂ ਪਾਸੋ ਸ੍ਰੀ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਧੰਮ ਦੇ ਖਿਲਾਫ ਪੁਲਿਸ ਕਾਰਵਾਈ ਕਰਨ ਲਈ ਕੀਤੀ ਗਈ ਮੰਗ ਨੂੰ ਮੁੱਖ ਰੱਖਦੇ ਹੋਏ ਬੀ.ਡੀ.ਪੀ.ਓ ਢਿਲਵਾਂ ਵੱਲੋਂ ਪੱਤਰ ਨੰਬਰ 3445 ਮਿਤੀ 05.12.2022 ਰਾਹੀਂ ਉਪ ਪੁਲਿਸ ਕਪਤਾਨ, ਕਪੂਰਥਲਾ ਜੀ ਨੂੰ ਸ਼੍ਰੀ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਧੰਮ ਦੇ ਖਿਲਾਫ ਪੁਲਿਸ ਕਾਰਵਾਈ ਕਰਨ ਲਈ ਲਿਖਿਆ ਗਿਆ ਸੀ ਜਿਸ ਦੇ ਸਬੰਧ ਵਿੱਚ ਉਹਨਾਂ ਵੱਲੋ ਆਪਣੇ ਦਫਤਰ ਦੇ ਪੱਤਰ ਨੰਬਰ 1551-ਆਰ/ਐਸ.ਡੀ ਮਿਤੀ 19.12.2022 ਅਤੇ ਪੱਤਰ ਨੰਬਰ 814-ਆਰ.ਐਚ ਮਿਤੀ 11.07.2023 ਰਾਹੀਂ ਪੱਤਰ ਵਿੱਚ ਦਰਜ ਤਰੁੱਟੀਆ ਦੂਰ ਕਰਦੇ ਹੋਏ ਕੇਸ ਸੀਨੀਅਰ ਪੁਲਿਸ ਕਪਤਾਨ, ਕਪੂਰਥਲਾ ਜੀ ਰਾਹੀਂ ਭੇਜੇ ਜਾਣ ਲਈ ਲਿਖਿਆ ਗਿਆ।ਇਸ ਪੱਤਰ ਵਿੱਚ ਪਾਈਆ ਗਈਆ ਤਰੁੱਟੀਆ ਨੂੰ ਦੂਰ ਕਰਨ ਉਪਰੰਤ ਬੀ.ਡੀ.ਪੀ.ਓ ਢਿਲਵਾਂ ਦੇ ਦਫਤਰ ਦੇ ਪੱਤਰ ਨੰਬਰ 303 ਮਿਤੀ 18-08-2023 ਅਤੇ ਪੱਤਰ ਨੰਬਰ 5455 ਮਿਤੀ 04.10.2023 ਰਾਹੀਂ ਸੀਨੀਅਰ ਪੁਲਿਸ ਕਪਤਾਨ, ਕਪੂਰਥਲਾ ਜੀ ਨੂੰ ਸ੍ਰੀ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਧੰਮ ਦੇ ਵਿਰੁੱਧ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਦੀ ਸ਼ਾਮਲਾਤ ਜਮੀਨ ਵਿੱਚੋ 40 ਦੇ ਕਰੀਬ ਨਜਾਇਜ ਤੌਰ ਤੇ ਦਰੱਖਤ ਕੱਟ ਕੇ ਪੰਚਾਇਤ ਨੂੰ ਵਿੱਤੀ ਨੁਕਸਾਨ ਪਹੁਚਾਉਣ ਅਤੇ ਨਜਾਇਜ ਕਬਜਾ ਕਰਨ ਕਰਕੇ ਨਿਯਮਾ ਅਨੁਸਾਰ ਪੁਲਿਸ ਕਾਰਵਾਈ ਕਰਨ ਲਈ ਲਿਖਿਆ ਗਿਆ।ਇਸ ਤੋ ਇਲਾਵਾ ਬੀ.ਡੀ.ਪੀ.ਓ ਢਿਲਵਾਂ ਵੱਲੋਂ ਉਪ ਪੁਲਿਸ ਕਪਤਾਨ ਭੁਲੱਥ ਜੀ ਨਾਲ ਮਿਤੀ 15.11.2023 ਨੂੰ ਨਿੱਜੀ ਤੌਰ ਤੇ ਤਾਲਮੇਲ ਕੀਤਾ ਗਿਆ।ਇਸ ਸਬੰਧੀ ਨਿਮਨਹਸਤਾਖਰ ਵੱਲੋ ਐਸ.ਪੀ ਹੈਡਕੁਆਟਰ ਨਾਲ ਤਾਲਮੇਲ ਕੀਤਾ ਗਿਆ ਅਤੇ ਉਹਨਾਂ ਵੱਲੋ ਦੱਸਿਆ ਗਿਆ ਕਿ ਇਹ ਸ਼ਿਕਾਇਤ ਉਪ ਪੁਲਿਸ ਕਪਤਾਨ ਭੁਲੱਥ ਪਾਸ ਪੜਤਾਲ ਅਧੀਨ ਹੈ।

ਇਸ ਸ਼ਿਕਾਇਤ ਸਬੰਧੀ ਐਸ.ਸੀ.ਕੌਸ਼ਲ ਪ੍ਰਧਾਨ ਪੱਤਰਕਾਰ ਮੋਰਚਾ ਐਸੋਸੀਏਸ਼ਨ (ਰਜ਼ਿ) ਪੰਜਾਬ, ਕਪੂਰਥਲਾ ਵੱਲੋ ਮਾਨਯੋਗ ਨੈਸਨਲ ਗਰੀਨ ਟਰਬਿਊਨਲ ਨਵੀ ਦਿੱਲੀ ਜੀ ਦੀ ਅਦਾਲਤ ਵਿੱਚ ਓਰੀਜਿਨਲ ਐਪਲੀਕੇਸ਼ਨ ਨੰਬਰ 428 ਸਾਲ 2023 ਐਸ.ਸੀ.ਕੌਸ਼ਲ ਬਨਾਮ ਸਟੇਟ ਆਫ ਪੰਜਾਬ ਅਤੇ ਹੋਰ ਦਾਇਰ ਕੀਤੀ ਗਈ ਹੈ।ਜਿਸਦੀ ਸੁਣਵਾਈ ਕਰਦੇ ਹੋਏ ਮਾਨਯੋਗ ਅਦਾਲਤ ਵੱਲੋ ਮਿਤੀ 01.08.2023, ਮਿਤੀ 01.09.2023 ਅਤੇ ਮਿਤੀ 30.10.2023 ਨੂੰ ਜਾਰੀ ਕੀਤੇ ਗਏ।ਹੁਣ ਇਹ ਓ.ਏ ਮਿਤੀ 06.12.2023 ਨੂੰ ਮਾਨਯੋਗ ਅਦਾਲਤ ਵਿੱਚ ਸੁਣਵਾਈ ਲਈ ਲੰਬਿਤ ਹੈ ਅਤੇ ਜਿਸ ਵਿੱਚ ਸਰਪੰਚ ਗ੍ਰਾਂਮ ਪੰਚਾਇਤ ਬਾਦਸ਼ਾਹਪੁਰ, ਬਲਾਕ ਵਿਕਾਸ ਅਤੇ ਪੰਚਾਇਤ ਅਫਸਰ

ਫਿਲਵਾਂ ਅਤੇ ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਕਪੂਰਥਲਾ ਜੀ ਨੂੰ ਨਿੱਜੀ ਤੌਰ ਤੇ ਪੇਸ਼ ਹੋਣ ਅਤੇ ਡਿਪਟੀ ਕਮਿਸ਼ਨਰ ਕਪੂਰਥਲਾ ਜੀ ਨੂੰ ਵੀ.ਡੀ.ਓ ਕਾਨਫਰੈਂਸ ਰਾਹੀਂ ਪੇਸ਼ ਹੋਣ ਦੀ ਹਦਾਇਤ ਕੀਤੀ ਗਈ ਹੈ।

ਮਾਨਯੋਗ ਨੈਸ਼ਨਲ ਗਰੀਨ ਟਰਬਿਊਨਲ ਜੀ ਦੀ ਅਦਾਲਤ ਵਿੱਚ ਦਾਇਰ ਓ.ਏ ਨੰਬਰ 428 ਦੇ ਰਿਕਾਰਡ ਦੀ ਘੋਖ ਕਰਨ ਤੇ ਪਾਇਆ ਗਿਆ ਕਿ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਵੱਲੋ ਨਿਮਨਹਸਤਾਖਰ ਦੀ ਅਦਾਲਤ ਵਿੱਚ ਸ਼ਾਮਲਾਤ ਜਮੀਨ ਤੇ ਹੋਏ ਨਜਾਇਜ ਕਬਜੇ ਸਬੰਧੀ ਦਾਇਰ ਕੀਤੀ ਗਈ ਪਟੀਸ਼ਨ ਲੰਬਿਤ ਹੋਣ ਦੇ ਬਾਵਜੂਦ ਕੇਸ ਵਿਚਲੀ ਕੁਝ ਜਮੀਨ ਸਮੇਤ ਹੋਰ ਜਮੀਨ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਧੰਮ ਨੂੰ ਸਾਲ 2023-24 ਲਈ ਬੋਲੀ ਰਾਹੀਂ 90000/- ਰੁਪਏ ਵਿਚ ਪਟੇ ਤੇ ਦੇ ਦਿੱਤੀ ਗਈ ਸੀ ਜ਼ੋ ਕਿ ਨਿਯਮਾ ਅਨੁਸਾਰ ਵਾਜਬ ਨਹੀ ਹੈ।ਇਸ ਲਈ ਇਹ ਬੋਲੀ ਰੱਦ ਕੀਤੀ ਜਾਣੀ ਬਣਦੀ ਸੀ ਜ਼ੋ ਕਿ ਨਿਮਨਹਸਤਾਖਰ ਦੀ ਅਦਾਲਤ ਵੱਲੋਂ ਹੁਕਮ ਮਿਤੀ 07.11.2023 ਰਾਹੀਂ ਬੋਲੀ ਰੱਦ ਕਰ ਦਿੱਤੀ ਗਈ।ਗਲਤ ਬੋਲੀਕਰਨ ਲਈ ਦੋਸ਼ੀ ਅਧਿਕਾਰੀ/ਕਰਮਚਾਰੀਆ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਦਿੱਤੇ ਗਏ ਹਨ।

ਇਸ ਤੋ ਇਲਾਵਾ ਸ਼ਿਕਾਇਤ ਵਿੱਚ ਦਰਜ ਬਾਕੀ ਰਕਬੇ ਦੇ ਅਸਲ ਤੱਥਾ ਨੂੰ ਜਾਨਣ ਲਈ ਨਿਸ਼ਾਨਦੇਹੀ ਕਰਨ ਵਾਸਤੇ ਨਿਮਨਹਸਤਾਖਰ ਦੀ ਅਦਾਲਤ ਵੱਲੋ ਪਿੱਠ ਅੰਕਣ ਨੰ/ਰੀਡਰ/ਡੀ.ਡੀ.ਪੀ.ਓ/715 ਮਿਤੀ 07-11-2023 ਰਾਹੀ ਤਹਿਸੀਲਦਾਰ ਕਪੂਰਥਲਾ ਨੂੰ ਲਿਖਿਆ ਗਿਆ ਜਿਸ ਦੇ ਸਬੰਧ ਵਿੱਚ ਸਬੰਧਤ ਖੇਤਰ ਕਾਨੂੰਗੋ ਵੱਲੋ ਮਿਤੀ 21-11-2023 ਨੂੰ ਗਰਾਮ ਪੰਚਾਇਤ ਬਾਦਸ਼ਾਹਪੁਰ ਦੀ ਸ਼ਾਮਲਾਤ ਜਮੀਨ ਦੀ ਨਿਸ਼ਾਨਦੇਹੀ ਕੀਤੀ ਗਈ।ਨਿਸ਼ਾਨਦੇਹੀ ਰਿਪੋਰਟ ਮੁਤਾਬਕ ਖਸਰਾ ਨੰ:1//17(7-7) ਵਿੱਚੋ ਲਹਿੰਦੇ ਪਾਸੇ 0-5 ਮਰਲੇ ਬਾਥਰੂਮ ਅਤੇ ਸਰਵਿਸ ਸਟੇਸਨ, 1//18(0-18) ਗੈਂਰ ਮੁਮਕਿਨ ਚਾਰਦੁਆਰੀ, 1//24(6-3) ਬਾਸਕਟਬਾਲ ਗਰਾਉਡ, 6//3(2-4) ਵਿੱਚੋ ਗੇਟ ਲਾਰਡ ਕ੍ਰਿਸਨਾ ਕਾਲਜ 1 ਕਨਾਲ 13 ਮਰਲੇ, 6//4(8-0) ਵਿੱਚੋ ਗੈਰ ਮੁਮਕਿਨ ਗਰਾਉਡ 7-16, 6//5(8-0) ਛੱਪੜ ਅਤੇ ਸਫੈਦੇ, 6//6(8-0) ਵਿੱਚੋ 7-5 ਛੱਪੜ, 6//7(8-0) ਵਿੱਚੋ 1 ਕਨਾਲ 13 ਮਰਲੇ ਵਿੱਚ ਸਫੈਦੇ, 6//8(7-0) ਛੱਪੜ ਕੁੱਲ ਰਕਬਾ 5-0-13 ਤੇ ਲਾਰਡ ਕ੍ਰਿਸਨਾ ਕਾਲਜ ਦਾ ਨਜਾਇਜ ਕਬਜਾਂ ਪਾਇਆ ਗਿਆ ਹੈ ਅਤੇ ਸੜਕ ਵਾਲੇ ਪਾਸੇ ਕੰਡਿਆਲੀ ਤਾਰ ਲਗਾਈ ਹੋਈ ਹੈ।

ਗ੍ਰਾਮ ਪੰਚਾਇਤ ਬਾਦਸ਼ਾਹਪੁਰ ਵੱਲੋ ਦਾਇਰ ਪਟੀਸ਼ਨ ਦੀ ਸੁਣਵਾਈ ਕਰਦੇ ਹੋਏ ਨਿਮਨਹਸਤਾਖਰ ਦੀ ਅਦਾਲਤ ਵੱਲੋ ਪਟੀਸ਼ਨ ਵਿੱਚ ਦਰਜ ਸਾਰੇ ਰਿਸਪਾਡੈਂਟਸ ਨੂੰ ਸ਼ਾਮਲਾਤ ਜਮੀਨ ਤੋ ਬੇਦਖਲ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ ਅਤੇ ਸ਼ਾਮਲਾਤ ਜਮੀਨ ਦਾ ਕਬਜਾ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਨੂੰ ਦਵਾਉਣ ਸਬੰਧੀ ਨਿਯਮਾ ਅਨੁਸਾਰ ਲੋੜੀਦੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।

ਰਿਪੋਰਟ ਆਪ ਜੀ ਦੀ ਸੇਵਾ ਵਿਚ ਸੂਚਨਾ ਹਿੱਤ ਪੇਸ਼ ਹੈ ਜੀ।

ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ
ਕਪੂਰਥਲਾ।

Office of the
Senior Superintendent of Police,
Kapurthala.

ਦਫਤਰ
ਸੀਨੀਅਰ ਪੁਲਿਸ ਕਪਤਾਨ,
ਕਪੂਰਥਲਾ।

ਸ਼ਿਕਾਇਤ ਸ਼ਾਖਾ

ਸੇਵਾ ਵਿਖੇ,

ਡਿਪਟੀ ਕਮਿਸ਼ਨਰ,
ਕਪੂਰਥਲਾ।

ਨੰਬਰ ਮਿਤੀ

ਵਿਸ਼ਾ:- NGT Case No. OA No. 428/2023 ਸਬੰਧੀ ਰਿਪੋਰਟ।

ਯਾਦ ਪੱਤਰ,

ਹਵਾਲਾ ਆਪ ਜੀ ਦੇ ਦਫਤਰ ਦੇ ਪੱਤਰ ਨੰਬਰ ਸਪੈਸ਼ਲ-1/DDPO ਮਿਤੀ 15.11.2023 ਵਿਸ਼ਾ ਉੱਕਤ ਦੇ ਸਬੰਧ ਵਿੱਚ।

ਉਪਰੋਕਤ ਹਵਾਲਾ ਦੇ ਸਬੰਧ ਵਿੱਚ ਬੇਨਤੀ ਹੈ ਕਿ ਉੱਕਤ ਦਰਖਾਸਤ ਸਬੰਧੀ ਰਿਪੋਰਟ ਉਪ ਪੁਲਿਸ ਕਪਤਾਨ, ਸਬ-ਡਵੀਜਨ ਭੁਲੱਥ ਪਾਸੋਂ ਇਸ ਦਫਤਰ ਨੂੰ ਮੌਸੂਲ ਹੋਈ, ਜੋ ਉਹਨਾਂ ਦੀ ਰਿਪੋਰਟ ਤੋਂ ਪਾਇਆ ਗਿਆ ਕਿ ਉਪਰੋਕਤ ਦਰਖਾਸਤਾਂ ਦੀ ਦਰਿਆਫਤ ਦੌਰਾਨ ਮੌਕਾ ਦੇਖਿਆ ਗਿਆ, ਜਿਸ ਤੋ ਪਾਇਆ ਗਿਆ ਕਿ ਲਾਰਡ ਕ੍ਰਿਸ਼ਨਾ ਕਾਲੰਜ ਦੀ ਬਿਲਡਿੰਗ ਜੋ ਉੱਤਰਵਾਦੀ ਮਾਨ ਸਿੰਘ ਧੰਮ ਦੀ ਪਿੰਡ ਨਿਜਾਮਪੁਰ ਵਿੱਚ ਆਪਣੀ ਮਾਲਕੀ ਜਮੀਨ ਵਿੱਚ ਬਣੀ ਹੋਈ ਹੈ।ਇਸ ਕਾਲਜ ਦੀ ਬਿਲਡਿੰਗ ਦੇ ਸਾਹਮਣੇ ਪਿੰਡ ਬਾਦਸ਼ਾਹਪੁਰ ਦੀ ਪੰਚਾਇਤੀ ਜਮੀਨ ਹੈ।ਜਿਸ ਵਿੱਚ ਕੁਝ ਸਫੈਦੇ ਅਤੇ ਹੋਰ ਵੀ ਦਰੱਖਤ ਲੱਗੇ ਹੋਏ ਹਨ।ਇਹ ਜਮੀਨ ਵਾਹੀ ਯੋਗ ਨਹੀ ਹੈ।ਕਾਫੀ ਦੇਰ ਦੀ ਇਹ ਜਮੀਨ ਵਿਹਲੀ ਪਈ ਜਾਪਦੀ ਹੈ।ਇਹ ਜਮੀਨ ਵਿਹਲੀ ਪਈ ਰਹਿਣ ਕਾਰਨ ਜਮੀਂਨ ਰੱਕੜ ਬਣੀ ਹੋਈ ਹੈ।ਪਿੰਡ ਬਾਦਸ਼ਾਹਪੁਰ ਦੀ ਪੰਚਾਇਤੀ ਜਮੀਨ 10 ਕਿੱਲੇ 06 ਕਨਾਲ ਪਹਿਲਾਂ ਮਾਨ ਸਿੰਘ ਧੰਮ ਨੇ ਸਾਲ 2002 ਵਿੱਚ 05 ਸਾਲ ਲਈ ਠੇਕੇ ਤੇ ਲਈ ਸੀ।ਉਸ ਤੇ ਬਾਦ ਵਿੱਚ ਇਹ ਜਮੀਨ ਠੇਕੇ ਤੇ ਨਹੀ ਲਈ ਅਤੇ ਹੁਣ ਇਸ ਜਮੀਨ ਵਿੱਚੋ 06 ਕਿੱਲੇ ਜਮੀਨ ਜੋ ਕਾਲਜ ਦੀ ਬਿਲਡਿੰਗ ਦੇ ਸਾਹਮਣੇ ਹੈ।ਮਿਤੀ 12-06-2023 ਨੂੰ ਮਾਨ ਸਿੰਘ ਧੰਮ ਨੇ ਬੋਲੀ 90,000/ਰੁਪਏ ਦੀ ਦੇ ਕਿ ਇੱਕ ਸਾਲ ਲਈ ਪਟੇ ਤ੍ਹੇ ਲੈ ਲਈ ਹੈ।ਇਸ ਜਮੀਨ ਦੇ ਨਾਲ ਹੀ ਚੱੜਦੇ ਪਾਸੇ ਛੱਪੜ ਪੰਚਾਇਤੀ ਜਮੀਨ ਵਿੱਚ ਬਣਿਆ ਹੋਇਆ ਹੈ।ਜਿਸ ਵਿੱਚ ਪਾਣੀ ਖੜਾ ਹੈ, ਇਹ ਪੰਚਾਇਤੀ ਜਮੀਨ ਪਹਿਲਾਂ ਇੱਟਾਂ ਵਾਲੇ ਭੱਠੇ ਲਈ ਮਿੱਟੀ ਪੁੱਟ ਕੇ ਇੱਟਾਂ ਬਣਾਉਣ ਲਈ ਵਰਤੀ ਜਾਂਦੀ ਰਹੀ ਹੈ।ਇਸ ਲਈ ਇਸ ਜਮੀਨ ਵਿੱਚ ਮਿੱਟੀ ਪੁੱਟੀ ਹੋਣ ਕਾਰਨ ਛੱਪੜ ਬਣਿਆ ਹੋਇਆ ਹੈ।ਕਾਲਜ ਦੇ ਸਾਹਮਣੇ ਵਾਲੀ ਜਮੀਨ ਜਿਥੋ ਦਰੱਖਤ ਕੱਟੇ ਜਾਣ ਬਾਰੇ ਲਿਖਿਆ ਹੈ।ਮੌਕਾ ਤੇ 04 ਮੁੱਢ ਸਫੈਦੇ ਅਤੇ 07 ਮੁੱਢ ਤਰੈਕਾ ਦੇ ਕੱਟੇ ਹੋਏ ਦਿਖਾਈ ਦਿੰਦੇ ਹਨ।ਜੋ ਇਹਨਾਂ ਜਗਾਵਾਂ ਤੇ ਦੱਰਖਤ ਕੱਟੇ ਜਾਣੇ ਦਰਸਾਉਦੇ ਹਨ ਅਤੇ ਇਸ ਜਮੀਨ ਵਿੱਚ ਕੱਟੇ ਗਏ ਸਫੈਦੇ ਦੇ ਦਰਖਤ ਦੇ ਮੌਛੇ ਅਤੇ ਤਰੈਕਾਂ ਦੇ ਦਰੱਖਤਾਂ ਦੇ ਮੋਛੇ ਵੀ ਇਸੇ ਜਮੀਨ ਵਿੱਚ ਪਏ ਹਨ।ਪਰ ਇਸ ਜਮੀਨ ਵਿੱਚੋ ਦਰਖਾਸਤ ਵਿੱਚ ਮਿਤੀ 15-11-2022 ਨੂੰ ਦਰਖਾਸਤ ਵਿੱਚ ਕੱਟੇ ਜਾਣ ਬਾਰੇ ਲਿਖਿਆ ਹੈ।ਪਰ ਦਰਖਾਸਤ ਦਹਿੰਦਾ ਦੂਜੀ ਧਿਰ ਐਸ.ਸੀ ਕੌਸਿਲ ਇਹ ਦਰੱਖਤ ਮਿਤੀ 15-12-2022 ਨੂੰ ਆਪਣੇ ਬਿਆਨ ਵਿੱਚ ਦਰੱਖਤ ਕੱਟਣ ਬਾਰੇ ਲਿਖਾ ਰਿਹਾ ਹੈ ਅਤੇ ਬਿਆਨ ਵਿੱਚ ਲਿਖਾਇਆ ਹੈ ਕਿ ਜੋ ਲੇਬਰ ਦੱਰਖਤ ਕੱਟ ਰਹੀ ਸੀ, ਉਸ ਨੂੰ ਨਹੀ ਜਾਣਦਾ, ਜਦੋ ਕਿ ਦੂਜੀ ਧਿਰ ਮਾਨ ਸਿੰਘ ਦੇ ਪਰਿਵਾਰ ਨਾਲ ਐਸ.ਸੀ. ਕੌਸ਼ਿਲ ਨਾਲ ਸਿਵਲ ਕੇਸ ਵੀ ਚੱਲ ਰਹੇ ਹਨ।ਇਹ ਦਰੱਖਤ ਕੱਟਣ ਬਾਰੇ ਪੰਚਾਇਤੀ ਮਤਾ ਮਿਤੀ 22-11-22 ਨੂੰ ਪਾਇਆਂ ਗਿਆ ਹੈ।ਜਿਸ ਤੋ ਇਹ ਦਰੱਖਤ ਮਾਂਹ ਨਵੰਬਰ ਵਿੱਚ ਕੱਟੇ ਜਾਣ ਬਾਰੇ ਸੰਕੇਤ ਮਿਲਦਾ ਹੈ।ਪਿੰਡ ਬਾਦਸ਼ਾਹਪੁਰ ਦੇ ਮੌਜੂਦਾ ਸਰਪੰਚ ਦਿਆਲ ਸਿੰਘ ਦੇ ਬਿਆਨ ਵਿੱਚ ਇਹ ਗੱਲ ਆਈ ਹੈ ਕਿ ਉਸ ਨੇ ਇਸ ਪੰਚਾਇਤੀ ਜਮੀਨ ਦੀ ਕੋਈ ਬੋਲੀ ਨਹੀ ਕਰਾਈ।ਇਸ ਜਮੀਨ ਤੇ ਕੋਈ ਫਸਲ ਵਗੈਰਾ ਨਹੀ ਲੱਗੀ ਤੇ ਇਹ ਜਮੀਨ ਦੀ ਭੱਠੇ ਵਾਲੀ ਜਗਾ ਹੋਣ ਕਾਰਨ ਰੱਕੜ ਬਣਿਆ ਹੋਇਆ ਹੈ।ਇਸ ਪੰਚਾਇਤੀ ਜਮੀਨ ਵਿੱਚ ਮਾਨ ਸਿੰਘ ਧੰਮ ਦੇ ਕਾਲਜ ਦੇ ਸਾਹਮਣੇ ਮਾਨ ਸਿੰਘ ਧੰਮ ਵੱਲੋ ਇੱਕ ਕਮਰਾ ਬਣਾਇਆ ਹੋਇਆ ਹੈ।ਜੋ ਪੰਚਾਇਤੀ ਜਮੀਨ ਤੇ ਨਜਾਇਜ ਕਬਜਾ ਸਾਬਤ ਕਰਦਾ ਹੈ।ਹੁਣ ਸਬੰਧਤ ਵਿਭਾਗ ਵੱਲੋ ਮਿਤੀ 12-6-23 ਨੂੰ ਇਸ ਪੰਚਾਇਤੀ ਜਮੀਨ ਦਾ ਇੱਕ ਸਾਲ ਲਈ ਮਾਨ ਸਿੰਘ ਧੰਮ ਦੇ ਨਾਮ ਤੇ

ਪਟਾ ਕੀਤਾ ਹੋਇਆ ਹੈ ਜਦੋ ਕਿ ਵਿਭਾਗ ਨੂੰ ਇਹ ਪਟਾ ਕਰਨ ਤੋ ਪਹਿਲਾਂ ਨਜਾਇਜ ਕਬਜੇ ਵਾਲੀ ਜਗਾ ਦੇ ਬਣਦੇ ਪੈਸੇ ਲੈਣੇ ਚਾਹੀਦੇ ਸਨ ਜਾਂ ਇਸ ਪੰਚਾਇਤੀ ਜਮੀਨ ਦਾ ਪਟਾ ਨਹੀ ਦੇਣਾ ਚਾਹੀਦਾ ਸੀ।ਹੁਣ ਮੋਕਾ ਤੇ ਇਸ ਪੰਚਾਇਤੀ ਜਮੀਨ ਤੇ ਮਾਨ ਸਿੰਘ ਧੰਮ ਦਾ ਕਬਜਾ ਹੈ ਕਿਉਕਿ ਸਬੰਧਤ ਵਿਭਾਗ ਵੱਲੋ ਮਾਨ ਸਿੰਘ ਧੰਮ ਨੂੰ ਇਸ ਜਗਾ ਦਾ ਪਟਾ ਦਿੱਤਾ ਗਿਆ ਹੈ।

ਦਰਖਾਸਤ ਦੀ ਖੁਫੀਆ ਤੇ ਐਲਾਨੀਆ ਪੜਤਾਲ ਤੋ ਮਾਨ ਸਿੰਘ ਧੰਮ ਵੱਲੋ ਹੀ ਪੰਚਾਇਤੀ ਜਮੀਨ ਵਿੱਚੋ ਦਰੱਖਤ ਕੱਟੇ ਜਾਣੇ ਪਾਏ ਗਏ ਹਨ ਅਤੇ ਮਾਨ ਸਿੰਘ ਧੰਮ ਵੱਲੋ ਇਹਨਾ ਕਟਾਏ ਗਏ 11 ਦਰੱਖਤਾ ਦੇ ਮੋਛੇ ਅਤੇ ਮਲਬਾ ਵੀ ਮੋਕਾ ਤੇ ਹੀ ਮੌਜੂਦ ਪਿਆ ਹੈ।ਜਿਸ ਤੋ ਮਾਨ ਸਿੰਘ ਧੰਮ ਵੱਲੋ ਦੱਰਖਤ ਕੱਟ ਕੇ ਚੋਰੀ ਕਰਕੇ ਲੈ ਜਾਣ ਸਬੰਧੀ ਕੋਈ ਗੱਲ ਸਾਹਮਣੇ ਨਹੀ ਆਈ ਕਿਉਕਿ ਦੱਰਖਤ ਦੇ ਮੋਛੇ ਵੀ ਮੋਕਾ ਤੇ ਮੌਜੂਦ ਹਨ।ਇਸ ਪੰਚਾਇਤੀ ਜਮੀਨ ਵਿੱਚੋ ਜੋ ਦਰੱਖਤ ਮਾਨ ਸਿੰਘ ਧੰਮ ਵੱਲੋ ਕੱਟੇ ਗਏ ਹਨ। ਪਿੰਡ ਬਾਦਸਾਹਪੁਰ ਦੀ ਪੰਚਾਇਤੀ ਜਮੀਂਨ ਵਿੱਚ ਮਾਨ ਸਿੰਘ ਧੰਮ ਵੱਲੋ ਇੱਕ ਕਮਰਾ ਬਣਾ ਕੇ ਨਜਾਇਜ ਕਬਜਾ ਕੀਤਾ ਹੋਇਆ ਹੈ ਅਤੇ ਇਸ ਜਮੀਨ ਵਿੱਚੋ ਜੋ ਦੱਰਖਤ ਮਾਨ ਸਿੰਘ ਧੰਮ ਵੱਲੋ,ਕੱਟੇ ਗਏ ਹਨ, ਇਸ ਸਬੰਧੀ ਕੀ ਜੁਰਮ ਬਣਦਾ ਹੈ, ਬਾਰੇ ਡੀ.ਏ ਲੀਗਲ ਸਾਹਿਬ ਜੀ ਪਾਸੋ ਕਾਨੂੰਨੀ ਰਾਏ ਲੈਣ ਸਬੰਧੀ ਰਿਪੋਰਟ ਇਸ ਦਫਤਰ ਨੂੰ ਮੋਸੂਲ ਹੋਈ। ਜਿਸ ਤੇ ਨਿਮਨਹਸਤਾਖਰ ਵੱਲੋਂ ਉੱਕਤ ਮੋਸੂਲ ਹੋਈ ਰਿਪੋਰਟ ਸਬੰਧੀ ਕਾਨੂੰਨੀ ਰਾਏ ਲਈ ਡੀ.ਏ. ਲੀਗਲ ਕਪੂਰਥਲਾ ਨੂੰ ਭੇਜੀ ਗਈ। ਜਿਸ ਤੇ ਉਪ ਜਿਲ੍ਹਾ ਅਟਾਰਨੀ (ਲੀਗਲ) ਕਪੂਰਥਲਾ ਵੱਲੋਂ ਕਾਨੂੰਨੀ ਰਾਏ ਮੋਸੂਲ ਹੋਈ ਕਿ ਉੱਕਤ ਮਾਮਲੇ ਵਿੱਚ ਪਹਿਲੀ-ਨਜ਼ਰੇ ਜੁਰਮ ਅਧੀਨ ਧਾਰਾ 447,379,427 ਭ:ਦ: ਦਾ ਹੋਣਾ ਪਾਇਆ ਜਾਂਦਾ ਹੈ ਅਤੇ ਸਬੰਧਤ ਥਾਣਾ ਵਿਖੇ ਮੁਕੱਦਮਾ ਦਰਜ ਕੀਤਾ ਜਾ ਸਕਦਾ ਹੈ। ਜਿਸ ਤੇ ਨਿਮਨਹਸਤਾਖਰ ਵੱਲੋਂ ਮੁੱਖ ਅਫਸਰ ਥਾਣਾ ਸੁਭਾਨਪੁਰ ਨੂੰ ਮੁਕੱਦਮਾ ਦਰਜ ਰਜਿਸਟਰ ਕਰਨ ਦਾ ਹੁੱਕਮ ਕਰਦੇ ਹੋਏ ਉੱਕਤ ਦਰਖਾਸਤ ਸਮੇਤ ਸਬੰਧਤ ਕਾਗਜਾਤ ਪੇਜ ਨੰਬਰ 1 ਤੋਂ 178 ਤੱਕ ਥਾਣਾ ਸੁਭਾਨਪੁਰ ਵਿਖੇ ਭੇਜੀ ਗਈ, ਜਿਸ ਤੇ ਮੁਕੱਦਮਾ ਨੰਬਰ 169 ਮਿਤੀ 25.11.2023 ਅ/ਧ 447, 379, 427 ਭ.ਦ. ਥਾਣ ਸੁਭਾਨਪੁਰ ਵਿਖੇ ਦਰਜ ਰਜਿਸਟਰ ਕੀਤਾ ਜਾ ਚੁੱਕਾ ਹੈ।

ਰਿਪੋਰਟ ਪੇਸ਼ ਹੈ ਜੀ।

# FIRST INFORMATION REPORT

(Under Section 154 Cr.P.C.)
(ਅੱਵਲ ਸੂਚਨਾ ਰਿਪੋਰਟ )
(ਧਾਰਾ 154 ਦੰਡ ਪ੍ਰਕਿਰਿਆ ਸਹਿੰਤਾ ਦੇ ਤਹਿਤ )

1. District (ਜ਼ਿਲ੍ਹਾ ): KAPURTHALA  P.S.(ਥਾਣਾ ): SUBHANPUR  Year(ਸਾਲ ): 2023

FIR No. (ਐਫ.ਆਈ.ਆਰ ਸੰ): 0169  Date and Time of FIR (ਐਫ.ਆਈ.ਆਰ ਦੀ ਤਰੀਕ ਅਤੇ ਸਮਾਂ ): 25/11/2023 23:45 hrs

Is FIR election related (Yes/No) (ਕੀ ਚੋਣ ਨਾਲ ਸੰਬੰਧਿਤ ਐਫ.ਆਈ.ਆਰ. ਹੈ?) (ਹਾਂ / ਨਹੀ)): No  Election Type ( ਚੋਣ ਦੀ ਕਿਸਮ ): NA

2.

| S.No.(ਲੜੀ ਨੰ.) | Acts (ਕਾਨੂੰਨ ) | Sections (ਧਾਰਾਵਾਂ) |
|---|---|---|
| 1 | IPC 1860 | 447 |
| 2 | IPC 1860 | 379 |
| 3 | IPC 1860 | 427 |

3. (a) Occurrence of offence (ਅਪਰਾਧ ਦੀ ਘਟਨਾ):

1. Day(ਦਿਨ): Intervening Day  Date From (ਤਰੀਕ ਤੋਂ): 15/11/2022  Date To (ਤਰੀਕ ਤਕ): 10/06/2023

Time Period (ਸਮਾਂ ਮਿਆਦ):  Time From (ਸਮੇ ਤੋਂ): 14:00 hrs  Time To (ਸਮੇ ਤਕ): 15:00 hrs

(b) Information received at P.S.(ਥਾਣੇ ਵਿਚ ਸੂਚਨਾ ਪ੍ਰਾਪਤ ਹੋਣ ਦੀ ਮਿਤੀ ਅਤੇ ਸਮਾਂ):  Date (ਮਿਤੀ): 25/11/2023  Time (ਸਮਾਂ): 21:40 hrs

(c) General Diary Reference (ਰੋਜਨਾਮਚਾ ਸੰਦਰਭ) :  Entry No. (ਪ੍ਰਵਿਸ਼ਟੀ ਸੰ): 032  Date & Time (ਤਰੀਕ ਅਤੇ ਸਮਾ) : 25/11/2023 22:19 hrs

4. Type of Information (ਜਾਣਕਾਰੀ ਦੀ ਕਿਸਮ): Written

5. Place of Occurrence (ਘਟਨਾ ਸਥਾਨ ):

1. (a) Direction and distance from P.S. (ਥਾਣੇ ਤੋਂ ਦੂਰੀ ਅਤੇ ਦਿਸ਼ਾ): SOUTH, 4 Km(s)  Beat No. (ਬੀਟ ਸੰ.) :

(b) Address (ਪਤਾ): ਬਾਦਸ਼ਾਹਪੁਰ

(c) In case, outside the limit of this Police Station, then (ਜੇਕਰ ਥਾਣਾ ਸੀਮਾ ਤੋਂ ਬਾਹਰ ਹੈ ਤਾਂ)

Name of P.S (ਥਾਣੇ ਦਾ ਨਾਮ):  District(State) (ਜ਼ਿਲ੍ਹਾ ( ਰਾਜ ) ):

6. Complainant / Informant (ਸ਼ਿਕਾਇਤਕਰਤਾ /ਸੂਚਨਾਕਰਤਾ):

(a) Name (ਨਾਮ): ਬਲਾਕ ਵਿਕਾਸ ਅਤੇ ਪੰਚਾਇਤ ਅਫਸਰ

(b) Father's/Husband's Name(ਪਿਤਾ / ਪਤਿ ਦਾ ਨਾਮ):

(c) Date/Year of Birth (ਜਨਮ ਤਰੀਕ/ਸਾਲ): 1983

(e) UID No(ਯੂਆਈਡੀ ਨੰ. ):

(d) Nationality(ਰਾਸ਼ਟਰੀਅਤਾ): INDIA

(f) Passport No. (ਪਾਸਪੋਰਟ ਨੰ.):

Date of Issue (ਜਾਰੀ ਕਰਨ ਦੀ ਮਿਤੀ):

Place of Issue (ਜਾਰੀ ਕਰਨ ਦਾ ਸਥਾਨ ):

(g) Id details (Ration Card,Voter ID Card,Passport,UID No.,

| S.No. (ਲੜੀ ਨੰ:) | Id Type (ਪਛਾਣ ਪੱਤਰ ਦੀ ਕਿਸਮ ) | Id Number (ਪਛਾਣ ਨੰਬਰ) |
|---|---|---|
| 1 | | |

(h) Address (ਪਤਾ):

| S.No. (ਲੜੀ ਨੰ.) | Address Type (ਪਤੇ ਦੀ ਕਿਸਮ) | Address (ਪਤਾ) |
|---|---|---|
| 1 | Present Address | ਢਿੱਲਵਾ ,KAPURTHALA,PUNJAB,INDIA |
| 2 | Permanent Address | ਢਿੱਲਵਾ ,SUBHANPUR,KAPURTHALA,PUNJAB,INDIA |

(i) Occupation (ਕਿੱਤਾ ):

(j) Phone number (ਟੈਲੀਫ਼ੋਨ ਨੰ):

Mobile (ਮੋਬਾਇਲ ਨੰ.):

7. Details of known/suspected/unknown accused with full particulars (ਵਾਕਿਫ਼/ਸ਼ੱਕੀ/ਅਗਿਆਤ ਮੁਲਜ਼ਮ ਦਾ ਪੂਰੇ ਵੇਰਵੇ ਸਹਿਤ ਵਰਣਨ ):

Accused More Than(ਇੱਕ ਤੋਂ ਵੱਧ ਅਪਰਾਧੀ ਦੀ ਗਿਣਤੀ):

| S.No. (ਲੜੀ ਨੰ) | Name (ਨਾਮ ) | Alias (ਉਪਨਾਮ) | Relative's Name (ਰਿਸ਼ਤੇਦਾਰ ਦਾ ਨਾਮ) | Present Address (ਮੌਜੂਦਾ ਪਤਾ) |
|---|---|---|---|---|
| 1 | ਮਾਨ ਸਿੰਘ | | Father's Name : ਸੁਰਜਨ ਸਿੰਘ | 1. ਵਾਸੀ ਧੰਮ ਥਾਣਾ ,SUBHANPUR, KAPURTHALA,PUNJAB, INDIA |

8. Reasons for delay in reporting by the complainant/informant (ਸ਼ਿਕਾਇਤਕਰਤਾ/ਸੂਚਨਾਕਰਤਾ ਰਾਹੀਂ ਰਿਪੋਰਟ ਦੇਰੀ ਨਾਲ ਦਰਜ ਕਰਾਉਣ ਦਾ ਕਾਰਨ):

9. Particulars of properties of interest (ਸਬੰਧਿਤ ਜਾਇਦਾਦ ਦਾ ਵੇਰਵਾ):

| S.No. (ਲੜੀ ਨੰ:) | Property Category (ਜਾਇਦਾਦ ਦੀ ਸ਼੍ਰੇਣੀ ) | Property Type (ਜਾਇਦਾਦ ਦੀ ਕਿਸਮ ) | Description (ਵੇਰਵਾ) | Value(In Rs/-) (ਰਕਮ (ਰੁ ਚ)) |
|---|---|---|---|---|

10. Total value of property stolen(In Rs/-) (ਚੋਰੀ ਹੋਈ ਜਾਇਦਾਦ ਦਾ ਕੁੱਲ ਮੁੱਲ( ਰੁ ਵਿੱਚ ) ):

11. Inquest Report / U.D. case No., if any (ਤਫਤੀਸ਼ੀ ਰਿਪੋਰਟ / ਯੂ.ਡੀ.ਪ੍ਰਕਰਣ ਸੰ. , ਜੇਕਰ ਕੋਈ ਹੋਵੇ):

| S.No. (ਲੜੀ ਨੰ.) | UIDB Number (ਯੂ.ਡੀ.ਪ੍ਰਕਰਣ ਸੰ.) |
|---|---|

12 First Information contents (ਵੇਰਵਾ):

ਦਰਖਾਸਤ ਨੰਬਰੀ 149-ਡੀ ਮਿਤੀ 12-10-2023,151-ਡੀ ਮਿਤੀ 12-10-2023,185-ਏ.ਐਸ ਮਿਤੀ 2-10-2023 ਅਤੇ UID 250517 ਮਿਤੀ 21-10-2023 ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਢਿਲਵਾ ਕਪੂਰਥਲਾ ਸੇਵਾ ਵਿਖੇ ,ਮਾਨਯੋਗ ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਨੰਬਰ 5455 ਮਿਤੀ 4-10-23 ਵਿਸ਼ਾ : ਗਰਾਮ ਪੰਚਾਇਤ ਬਾਦਸ਼ਾਹਪੁਰ ਦੀ ਸ਼ਾਮਲਾਤ ਜਮੀਨ ਵਿੱਚੋ ਦਰੱਖਤਾਂ ਦੀ ਨਜਾਇਜ਼ ਕਟਾਈ ਕਰਨ ਕਰਕੇ ਸ੍ਰੀ ਮਾਨ ਸਿੰਘ ਪੁੱਤਰ ਸੁਰਜਣ ਸਿੰਘ ਵਾਸੀ ਧੰਮ ਵਿਰੁੱਧ ਪੁਲਿਸ ਕਾਰਵਾਈ ਕਰਨ ਸਬੰਧੀ। ਹਵਾਲਾਂ: ਪੁਲਿਸ ਕਪਤਾਨ ਸਬ ਡਵੀਜਨ ਕਪੂਰਥਲਾ ਜੀ ਦੇ ਦਫਤਰ ਦੇ ਪੱਤਰ ਨੰ:1551-ਆਰ/ਐਸ.ਡੀ ਉਪ ਮਿਤੀ 19-12-2022 ਅਤੇ 814-ਆਰ.ਐਚ ਮਿਤੀ 11-07-2023 ਅਤੇ ਇਸ ਦਫਤਰ ਦਾ ਪੱਤਰ ਨੰ:303ਮਿਤੀ 18-08-2023 ਦੇ ਸਬੰਧ ਵਿੱਚ। ਉਪਰੋਕਤ ਵਿਸ਼ੇ ਅਤੇ ਹਵਾਲਾਂ ਅਧੀਨ ਪੱਤਰਾਂ ਦੇ ਸਬੰਧ ਵਿੱਚ ਇਸ ਦਫਤਰ ਵੱਲੋ ਪੱਤਰ ਨੰ:3445 ਮਿਤੀ 05-12-2022 ਰਾਹੀ ਡਿਪਟੀ ਸੁਪਰਡੈਂਟ ਆਫ ਪੁਲਿਸ ਕਪੂਰਥਲਾ ਜੀ ਨੂੰ ਲਿਖਿਆ ਗਿਆ ਸੀ ਕਿ ਸ੍ਰੀ ਐਸ.ਸੀ ਕੋਸਲ ਪ੍ਰੇਜੀਡੈਂਟ ਪੱਤਰਕਾਰ ਮੋਰਚਾ ਐਸੋਸੀਏਸ਼ਨ(ਰਜਿ) ਵੱਲੋ ਮਿਤੀ 16-11-2022 ਨੂੰ ਇਸ ਦਫਤਰ ਨੂੰ ਦਰਖਾਸਤ/ਸਿਕਾਇਤ ਦਿੱਤੀ ਗਈ ਸੀ ਜਿਸ ਵਿੱਚ ਉਸ ਵੱਲੋ ਲਿਖਿਆ ਗਿਆ ਸੀ ਕਿ ਉਸ ਵੱਲੋ ਮਿਤੀ 15-11-2022 ਨੂੰ ਮੋਕੇ ਤੇ ਦੇਖਿਆ ਕਿ ਬਾਦਸ਼ਾਹਪੁਰ ਦੀ ਜਮੀਨ ਤੇ ਜ਼ੋ ਕਿ ਮਾਨ ਸਿੰਘ ਧੰਮ ਵੱਲੋ 10 ਕਨਾਲ 6 ਮਰਲੇ ਜਗ੍ਹਾਂ ਉਪਰ 'ਨਜਾਇਜ ਕਬਜਾਂ ਕਰਕੇ ਪੰਚਾਇਤ ਵੱਲੋ ਲਗਾਏ ਗਏ ਦਰੱਖਤਾਂ ਦੀ ਲਾਰਡ ਕ੍ਰਿਸ਼ਨਾਂ ਕਾਲਜ ਦੇ ਮਾਲਕ ਵੱਲੋ ਨਜਾਇਜ ਤੋਰ ਤੇ ਦਰੱਖਤਾਂ ਦੀ ਕਟਾਈ ਦਾ ਕੰਮ ਬਹੁਤ ਹੀ ਜ਼ੋਰਾਂ ਸ਼ੋਰ ਨਾਲ ਕੀਤਾ ਜਾ ਰਿਹਾ ਸੀ।ਜਿਹਨਾਂ ਦੀ ਗਿਣਤੀ 100 ਦੇ ਕਰੀਬ ਹੈ।ਇਹਨਾਂ ਦਰੱਖਤਾਂ ਵਿੱਚੋ 4 ਦੇ ਕਰੀਬ ਟਰੈਕਟਰ ਟਰਾਲੀ ਦਰੱਖਤ ਵੇਚ ਚੁੱਕੇ ਹਨ। ਇਸ ਸਬੰਧੀ ਮੋਕਾ ਦੇਖ ਕੇ ਜਾਇਜਾਂ ਲੈਣ ਲਈ ਕਿਸੇ ਅਫਸਰ ਨੂੰ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ। ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰ:1231-32 ਮਿਤੀ 17-11-2022 ਰਾਹੀ ਸ੍ਰੀ ਚਰਨਦੀਪ ਸਿੰਘ ਟੈਕਸ ਕੁਲੈਕਟਰ,ਸ੍ਰੀ ਸੁਖਦੇਵ ਸਿੰਘ ਪੰਚਾਇਤ ਸਕੱਤਰ ਅਤੇ ਸ੍ਰੀ ਦਿਆਲ ਸਿੰਘ ਸਰਪੰਚ ਗਰਾਮ ਪੰਚਾਇਤ ਬਾਦਸਾਹਪੁਰ ਨੂੰ ਦਰਖਾਸਤ ਦੀ ਕਾਪੀ ਭੇਜ਼ ਕੇ ਲਿਖਿਆ ਗਿਆ ਸੀ ਕਿ ਉਕਤ ਜਗ੍ਹਾਂ ਤੇ ਹਾਜਰ ਹੋ ਕੇ ਸ਼ਿਕਾਇਤ ਦਾ ਮੋਕਾਂ ਦੇਖ ਕੇ ਰਿਪੋਰਟ ਨਿਮਨਹਸਤਾਖਰ ਨੂੰ ਤਰੁੰਤ ਪੇਸ਼ ਕੀਤੀ ਜਾਵੇ ਤਾਂ ਜ਼ੋ ਸਿਕਾਇਤ ਦਾ ਨਿਪਟਾਰਾ ਕੀਤਾ ਜਾ ਸਕੇ। ਇਸ ਸਬੰਧੀ ਸ੍ਰੀ ਚਰਨਦੀਪ ਸਿੰਘ ਟੈਕਸ ਕੁਲੈਕਟਰ ਕਮ ਪੰਚਾਇਤ ਅਫਸਰ ਅਤੇ ਸ੍ਰੀ ਸੁਖਦੇਵ ਸਿੰਘ ਪੰਚਾਇਤ ਸਕੱਤਰ ਵੱਲੋ ਮੋਕਾ ਦੇਖ ਕੇ ਰਿਪੋਰਟ ਕੀਤੀ ਗਈ ਹੈ ਕਿ ਮੋਕੇ ਤੇ ਪਾਇਆ ਗਿਆ ਕਿ ਲਾਰਡ ਕ੍ਰਿਸਨਾਂ ਪੋਲੀਟੈਨਿਕ ਕਾਲਜ ਦੀ ਜਗ੍ਹਾਂ ਤੇ ਮਾਨ ਸਿੰਘ ਧੰਮ ਦਾ ਨਜਾਇਜ ਕਬਜਾਂ ਹੈ ਤੇ ਉਸ ਵੱਲੋ ਪੰਚਾਇਤ ਦੀ ਜਗ੍ਹਾਂ ਵਿੱਚੋ ਲਗਭਗ 38 ਤੋਂ 40 ਦਰੱਖਤਾਂ ਦੀ ਕਟਾਈ ਕੀਤੀ ਗਈ ਹੈ।ਜਿਸ ਨਾਲ ਪੰਚਾਇਤ ਨੂੰ ਵਿੱਤੀ ਨੁਕਸਾਨ ਹੋਇਆ ਹੈ।ਇਸ ਸਬੰਧੀ ਗਰਾਮ ਪੰਚਾਇਤ ਬਾਦਸ਼ਾਹਪੁਰ ਵੱਲੋ ਆਪਣੇ ਮਤਾ ਮਿਤੀ 22-11-2022 ਰਾਹੀ ਪਾਸ ਕਰਕੇ ਦਿੱਤਾ ਗਿਆ ਹੈ ਕਿ ਗਰਾਮ ਪੰਚਾਇਤ ਦੀ ਸ਼ਾਮਲਾਤ ਜਮੀਨ ਜਿਸਦਾ ਖੇਵਟ ਨੰ: 161/153 ਖਤੌਨੀ ਨੰ:245 ਹੈ। ਜਿਸਦੇ ਮੁਰਬਾ ਨੰ:6//ਖਸਰਾਂ ਨੰ: 3(2-4), 4(8-0),5(8-0), 6(8-0),7(8-0), 8(7-0) ਕੁੱਲ ਰਕਬਾ 41-4 ਗਰਾਮ ਪੰਚਾਇਤ ਬਾਦਸ਼ਾਹਪੁਰ ਦੀ ਮਾਲਕੀ ਹੈ।ਇਹ ਜਮੀਨ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਪਿੰਡ ਧੰਮ ਵੱਲੋਂ ਪਹਿਲਾਂ ਠੇਕੇ ਤੇ ਲਈ ਜਾਂਦੀ ਸੀ। ਇਹ ਜਮੀਨ ਲਾਰਡ ਕ੍ਰਿਸ਼ਨਾਂ ਕਾਲਜ ਦੇ ਨਾਲ ਲੱਗਦੀ ਹੈ।ਪਰ ਹੁਣ ਇਸ ਵੱਲੋ ਇਸ ਜਮੀਨ ਤੇ ਨਜਾਇਜ ਕਬਜਾ ਕਰ ਲਿਆ ਹੈ ਅਤੇ ਪਿਛਲੇ ਕਾਫੀ ਸਮੇਂ ਤੋ ਇਹ ਗਰਾਮ ਪੰਚਾਇਤ ਨੂੰ ਠੇਕਾ ਵੀ ਨਹੀ ਦੇ ਰਿਹਾ ਹੈ ਅਤੇ ਇਸ ਵੱਲੋਂ ਨਜਾਇਜ ਕਬਜਾਂ ਕਰ ਲਿਆ ਗਿਆ ਹੈ। ਇਸ ਜਮੀਨ ਉਪਰ ਸਫੈਦੇ ਦੇ ਕਾਫੀ ਸਾਰੇ ਦਰੱਖਤ ਲੱਗੇ ਹੋਏ ਸਨ ਜ਼ੋ ਕਿ ਇਹਨਾਂ ਦਰੱਖਤਾਂ ਨੂੰ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ

ਧੰਮ ਵੱਲੋਂ 40 ਦੇ ਕਰੀਬ ਦਰੱਖਤ ਕੱਟ ਲਏ ਗਏ ਹਨ।ਉਸ ਨੂੰ ਇਹ ਦਰੱਖਤ ਕੱਟਣ ਤੋਂ ਰੋਕਿਆ ਗਿਆ ਸੀ।ਉਹ ਰੁਕ ਗਿਆ।ਪਰ ਬਾਅਦ ਵਿੱਚ ਉਸ ਵੱਲੋ ਦਰੱਖਤ ਚੁੱਕ ਕੇ ਵੇਚ ਲਏ ਗਏ ਹਨ।ਜਿਸ ਨਾਲ ਗਰਾਮ ਪੰਚਾਇਤ ਨੂੰ ਵਿੱਤੀ ਨੁਕਸਾਨ ਹੋਇਆ ਹੈ। ਇਸ ਲਈ ਗਰਾਮ ਪੰਚਾਇਤ ਨੂੰ ਵਿੱਤੀ ਨੁਕਸਾਨ ਪਹੁੰਚਾਉਣ ਕਰਕੇ ਅਤੇ ਗਰਾਮ ਪੰਚਾਇਤ ਦੀ ਸ਼ਾਮਲਾਤ ਜਮੀਨ ਉਪਰ ਨਜਾਇਜ ਕਬਜਾਂ ਰੱਖਣ ਕਰਕੇ ਦੀ ਵਿਲੇਜ ਕਾਮਲ ਲੈਡ ਐਕਟ ਦੀ ਧਾਰਾ 13 ਏ ਅਧੀਨ ਪਰਚਾ ਦਰਜ ਕਰਨ ਅਤੇ ਹੋਰ ਵੱਖ-ਵੱਖ ਧਰਾਵਾਂ ਤਹਿਤ ਪੁਲਿਸ ਕੇਸ ਦਰਜ ਕਰਨ ਲਈ ਮਤੇ ਦੀ ਕਾਪੀ ਇਸ ਦਫਤਰ ਨੂੰ ਦਿੱਤੀ ਗਈ ਹੈ।ਉਪਰੋਕਤ ਸ੍ਰੀ ਚਰਨਦੀਪ ਸਿੰਘ ਟੈਕਸ ਕੁਲੈਕਟਰ ਕਮ ਪੰਚਾਇਤ ਅਫਸਰ ਅਤੇ ਸ੍ਰੀ ਸੁਖਦੇਵ ਸਿੰਘ ਪੰਚਾਇਤ ਸਕੱਤਰ ਦੀ ਰਿਪੋਰਟ ਅਤੇ ਗਰਾਮ ਪੰਚਾਇਤ ਦੇ ਮਤੇ ਨੂੰ ਮੁੱਖ ਰੱਖਦੇ ਹੋਏ ਗਰਾਮ ਪੰਚਾਇਤ ਲਾਰਡ ਕ੍ਰਿਸ਼ਨਾਂ ਪੋਲੀਟੈਨਿਕ ਕਾਲਜ ਦੀ ਜਗ੍ਹਾਂ ਮਾਨ ਸਿੰਘ ਪੁੱਤਰ ਸੁਰਜਣ ਸਿੰਘ ਵਾਸੀ ਧੰਮ ਵੱਲੋ ਨਜਾਇਜ ਕਬਜਾਂ ਕਰਕੇ 38 ਤੋ 40 ਦਰੱਖਤਾਂ ਦੀ ਨਜਾਇਜ਼ ਕਟਾਈ ਕਰਨ ਅਤੇ ਗਰਾਮ ਪੰਚਾਇਤ ਨੂੰ ਵਿੱਤੀ ਨੁਕਸਾਨ ਪਹੁੰਚਾਉਣ ਅਤੇ ਗਰਾਮ ਪੰਚਾਇਤ ਦੀ ਸ਼ਾਮਲਾਤ ਜਮੀਨ ਉਪਰ ਨਜਾਇਜ ਕਬਜਾਂ ਕੀਤਾ ਹੋਣ ਕਰਕੇ ਮਾਨ ਸਿੰਘ ਪੁੱਤਰ ਸੁਰਜਣ ਸਿੰਘ ਵਾਸੀ ਧੰਮ ਦੇ ਵਿਰੁੱਧ ਦੀ ਵਿਲੇਜ ਕਾਮਲ ਲੈਡ ਐਕਟ ਦੀ ਧਾਰਾ 13 ਏ ਅਧੀਨ ਇਸ ਦਫਤਰ ਦੇ ਪੱਤਰ ਨੰ:3445 ਮਿਤੀ 05-12-2022 ਰਾਹੀ ਪਰਚਾ ਦਰਜ ਕਰਨ ਅਤੇ ਹੋਰ ਵੱਖ-ਵੱਖ ਧਰਾਵਾਂ ਤਹਿਤ ਐਫ.ਆਈ.ਆਰ ਦਰਜ ਕਰਨ ਲਈ ਬਣਦੀ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਸੀ।ਉਪ ਪੁਲਿਸ ਕਪਤਾਨ ਸਬ ਡਵੀਜਨ ਕਪੂਰਥਲਾ ਜੀ ਦੇ ਦਫਤਰ ਦੇ ਪੱਤਰ ਨੰ:1551-ਆਰ/ਐਸ.ਡੀ ਮਿਤੀ 19-12-2022 ਅਤੇ 814- ਆਰ.ਐਚ ਮਿਤੀ 11-07-2023 ਨੂੰ ਵਾਚਣ ਉਪਰੰਤ ਹੇਠ ਲਿਖੀਆਂ ਤਰੁੰਟੀਆਂ ਲਗਾਈਆਂ ਗਈਆਂ ਸਨ।1. ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਧੰਮ ਜਿਲ੍ਹਾ ਕਪੂਰਥਲਾ ਦੇ ਖਿਲਾਫ ਕਾਰਵਾਈ ਕਰਨ ਲਈ ਪੱਤਰ ਮਾਨਯੋਗ ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਜੀ ਰਾਹੀਂ ਭੇਜਿਆ ਜਾਵੇ।2. ਇਸ ਪੰਚਾਇਤੀ ਜਮੀਨ ਪਰ ਜ਼ੋ ਦਰੱਖਤ ਕੱਟੇ ਗਏ ਹਨ ਇਹ ਦਰੱਖਤ ਪੰਚਾਇਤ ਵੱਲੋਂ ਲਗਾਏ ਗਏ ਸੀ ਜਾਂ ਮਾਨ ਸਿੰਘ ਵੱਲੋਂ ਲਗਾਏ ਗਏ ਸੀ ਇਸ ਸਬੰਧੀ ਰਿਪੋਰਟ ਵਿਚ ਸਪੱਸ਼ਟ ਕੀਤਾ ਜਾਵੇ।3. ਇਸ ਸਬੰਧੀ ਪੜਤਾਲ ਦੌਰਾਨ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਧੰਮ ਜਿਲ੍ਹਾ ਕਪੂਰਥਲਾ ਨੂੰ ਸ਼ਾਮਲ ਪੜਤਾਲ ਕਰਕੇ ਉਸ ਦਾ ਪੱਖ ਸੁਣਿਆ ਗਿਆ ਹੈ ਜਾਂ ਨਹੀ ਇਸ ਸਬੰਧੀ ਵੀ ਸਪੱਸ਼ਟ ਕੀਤਾ ਜਾਵੇ।4. ਜਿਸ ਜਮੀਨ ਵਿਚੋ ਦਰੱਖਤਾਂ ਦੀ ਕਟਾਈ ਹੋਈ ਹੈ ਇਸ ਸਬੰਧੀ ਰਕਬੇ ਦੀ ਨਿਸ਼ਾਨਦੇਹੀ ਕਰਵਾਈ ਗਈ ਹੈ ਜਾਂ ਨਹੀਂ ਇਸ ਸਬੰਧੀ ਰਿਪੋਰਟ ਵਿਚ ਸਪੱਸ਼ਟ ਕੀਤਾ ਜਾਵੇ।ਉਪਰੋਕਤ ਤੁਰੱਟੀਆਂ ਨੂੰ ਦੂਰ ਕਰਦੇ ਹੋਏ ਹੇਠ ਲਿਖੇ ਅਨੁਸਾਰ ਲੜੀ ਵਾਰ ਤਰੁਟੀਆਂ ਦੂਰ ਕਰਨ ਉਪਰੰਤ ਰਿਪੋਰਟ ਪੇਸ ਹੈ।1. ਇਹ ਪੱਤਰ ਆਪ ਜੀ ਨੂੰ ਸੰਬੋਧਤ ਕਰ ਦਿੱਤਾ ਗਿਆ ਹੈ।2. ਇਸ ਪੰਚਾਇਤੀ ਜਮੀਨ ਪਰ ਜ਼ੋ ਦਰੱਖਤ ਕੱਟੇ ਗਏ ਹਨ ਇਹ ਦਰੱਖਤ ਪੰਚਾਇਤ ਵੱਲੋਂ ਲਗਾਏ ਗਏ ਸੀ ਜਾਂ ਮਾਨ ਸਿੰਘ ਵੱਲੋਂ ਲਗਾਏ ਗਏ ਸੀ ਇਸ ਸਬੰਧੀ ਗਰਾਮ ਪੰਚਾਇਤ ਦੇ ਮੁਤਾ ਮਿਤੀ 22-11-2022 ਵਿੱਚ ਸਪੱਸ਼ਟ ਰਿਪੋਰਟ ਲਿਖਤੀ ਕੀਤੀ ਗਈ ਹੈ ਜ਼ੋ ਕਿ ਉਪਰ ਦਰਜ਼ ਹੈ 3. ਇਸ ਸਬੰਧੀ ਪੜਤਾਲ ਦੌਰਾਨ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਧੰਮ ਜਿਲ੍ਹਾ ਕਪੂਰਥਲਾ ਸ਼ਾਮਲ ਪੜਤਾਲ ਕਰਕੇ ਉਸ ਦਾ ਪੱਖ ਸੁਣਿਆ ਗਿਆ ਹੈ ਜਾਂ ਨਹੀ ਦੇ ਸਬੰਧ ਵਿੱਚ ਇਸ ਦਫਤਰ ਵੱਲੋਂ ਸ੍ਰੀ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਨੂੰ ਇਸ ਦਫਤਰ ਦੇ ਪੱਤਰ ਨੰਬਰ 992 ਮਿਤੀ 31.03.2023 ਰਾਹੀਂ ਆਪਣਾ ਸਪੱਸ਼ਟੀਕਰਨ ਦੇਣ ਲਈ ਮਿਤੀ 10.04.2023 ਨੂੰ ਹਾਜਰ ਹੋਣ ਲਈ ਬੁਲਾਇਆ ਗਿਆ। ਮਾਨ ਸਿੰਘ ਧੰਮ ਇਸ ਮਿਤੀ ਨੂੰ ਹਾਜਰ ਆਇਆ ਅਤੇ ਉਸ ਵੱਲੋਂ ਲਿਖਤੀ ਰੂਪ ਵਿਚ ਬਿਆਨ ਦੇਣ ਲਈ ਦੋ ਦਿਨ ਦੇ ਸਮੇਂ ਦੀ ਮੰਗ ਕੀਤੀ ਪਰ ਉਹ ਮੁੜ ਹਾਜਰ ਨਹੀ ਹੋਇਆ ਜਿਸ ਕਰਕੇ ਇਸ ਦਫਤਰ ਦੇ ਪੱਤਰ ਨੰਬਰ 1057 ਮਿਤੀ 18.04.2023 ਰਾਹੀਂ ਮਿਤੀ 24.4.2023 ਨੂੰ ਬੁਲਾਇਆ

ਗਿਆ, ਉਸ ਨੂੰ ਟੈਲੀਫੋਨ ਤੇ ਇਤਲਾਹ ਕਰਵਾਈ ਗਈ ਉਸ ਦੀ ਪਤਨੀ ਦੇ ਪੱਤਰ ਲੈਣ ਤੋਂ ਇਨਕਾਰੀ ਕੀਤੀ ਪਰ ਮਾਨ ਸਿੰਘ ਘਰ ਹਾਜਰ ਨਹੀ ਮਿਲਿਆ ਫਿਰ ਦੁਬਾਰਾ ਇਸ ਦਫਤਰ ਦੇ ਪੱਤਰ ਨੰਬਰ 1106 ਮਿਤੀ 24.04.2023 ਰਾਹੀਂ ਮਿਤੀ 02.05.2023 ਨੂੰ ਮਾਨ ਸਿੰਘ ਨੂੰ ਆਪਣਾ ਸਪੱਸਟੀਕਰਨ ਦਣ ਲਈ ਬੁਲਾਇਆ ਗਿਆ ਪਰ ਉਸ ਵੱਲੋ ਇਹ ਪੱਤਰ ਲੈਣ ਤੋਂ ਇਨਕਾਰ ਕਰ ਦਿੱਤਾ।ਫਿਰ ਇਸ 3. ਦਫਤਰ ਦੇ ਪੱਤਰ ਨੰਬਰ 4082 ਮਿਤੀ 17.07.2023 ਰਾਹੀਂ ਮਾਨ ਸਿੰਘ ਨੂੰ ਮਿਤੀ 24.07.2023 ਨੂੰ ਆਪਣਾ ਸਪੱਸ਼ਟੀਕਰਨ ਦੇਣ ਲਈ ਬੁਲਾਇਆ ਗਿਆ। ਮਾਨ ਸਿੰਘ ਹਾਜਰ ਨਹੀਂ ਲਿਖਿਆ ਪਰ ਉਸ ਦੀ ਪਤਨੀ ਵੱਲੋਂ ਪੱਤਰ ਲੈਣ ਤੋਂ ਇਨਕਾਰ ਕੀਤਾ। ਫਿਰ ਇਸ ਦਫਤਰ ਵੱਲੋਂ ਪੱਤਰ ਨੰਬਰ 4312 ਮਿਤੀ 04.08.2023 ਰਾਹੀ ਸ੍ਰੀ ਮਾਨ ਸਿੰਘ ਨੂੰ ਸਪੱਸ਼ਟੀਕਰਨ ਦੇਣ ਲਈ ਮਿਤੀ 09.08.2023 ਨੂੰ ਬੁਲਾਇਆ ਗਿਆ।ਮਾਨ ਸਿੰਘ ਵੱਲੋਂ ਪੱਤਰ ਪ੍ਰਾਪਤ ਕਰਨ ਤੇ ਵੀ ਹਾਜਰ ਨਹੀਂ ਆਇਆ ਅਤੇ ਨਾ ਹੀ ਕੋਈ ਆਪਣਾ ਸਪੱਸ਼ਟੀਕਰਨ ਦਿੱਤਾ ਗਿਆ।ਸ੍ਰੀ ਮਾਨ ਸਿੰਘ ਧੰਮ ਨੂੰ ਵਾਰ ਵਾਰ ਪੱਤਰ ਜਾਰੀ ਕਰਨ, ਇਤਲਾਹ ਹੋਣ ਦੇ ਬਾਵਜੂਦ ਵੀ ਇਸ ਦਫਤਰ ਵਿਚ ਹਾਜਰ ਨਾ ਆਉਣ ਅਤੇ ਇਸ ਸ਼ਿਕਾਇਤ ਵਿਚ ਆਪਣਾ ਪੱਖ ਪੇਸ਼ ਨਹੀ ਕੀਤਾ ਗਿਆ। ਪੱਖ ਨਾ ਪੇਸ਼ ਕਰਨ ਦੀ ਸੂਰਤ ਵਿਚ ਇਹ ਸਾਬਤ ਹੁੰਦਾ ਹੈ ਕਿ ਉਸ ਖਿਲਾਫ ਪ੍ਰਾਪਤ ਹੋਈ ਸ਼ਿਕਾਇਤ ਵਿਚ ਲਗਾਏ ਗਏ ਦੋਸ਼ਾਂ ਨੂੰ ਉਹ ਮੰਨਦਾ ਹੈ4. ਜਿਸ ਜਮੀਨ ਵਿਚੋਂ ਦਰੱਖਤਾਂ ਦੀ ਕਟਾਈ ਹੋਈ ਹੈ ਇਸ ਸਬੰਧੀ ਰਕਬੇ ਦੀ ਨਿਸ਼ਾਨਦੇਹੀ ਕਰਵਾਈ ਗਈ ਹੈ ਜਾਂ ਨਹੀਂ ਇਸ ਸਬੰਧੀ ਨਿਸ਼ਾਨਦੇਹੀ ਦੀ ਜਰੂਰਤ ਨਹੀ ਹੈ। ਕਿਉਕਿ ਲਾਰਡ ਕ੍ਰਿਸਨਾਂ ਕਾਲਜ਼ ਦੇ ਨਾਲ ਪੰਚਾਇਤ ਦੀ ਸ਼ਾਮਲਾਤ ਜਮੀਨ ਜਿਸ ਦਾ ਖੇਵਟ ਨੰ 161/153 ਖਤੋਨੀ ਨੰ 245 ਹੈ ਜਿਸ ਦੇ ਮੁਰਬਾ ਨੰ 6 // ਖਸਰਾ ਨੰ 3(2-4),4(8-0), 5(8-0),6(8-0),7(8-0), 8(7-0) ਕੁੱਲ ਰਕਬਾ 41 ਕਨਾਲ 4 ਮਰਲੇ ਗ੍ਰਾਮ ਪੰਚਾਇਤ ਬਾਦਸ਼ਾਹਪੁਰ ਦੀ ਮਾਲਕੀ ਹੈ ਅਤੇ ਕੱਟੇ ਗਏ ਦਰੱਖਤਇਸੇ ਮਾਲਕੀ ਜਮੀਨ ਵਿੱਚ ਪੈਂਦੇ ਹਨ।ਜਿਸ ਸਬੰਧੀ ਪੰਚਾਇਤ ਦੇ ਮਤਾ ਮਿਤੀ 22-11-2022 ਵਿੱਚ ਪੰਚਾਇਤ ਵੱਲੋ ਸਪੱਸ਼ਟ ਕੀਤਾ ਹੋਇਆ ਹੈ ਕਿ ਉਪਰੋਕਤ ਖਸਰਾਂ ਨੰਬਰਾਂ ਦੀ ਪੰਚਾਇਤ ਦੀ ਮਾਲਕੀ ਹੈ। ਇਸ ਤਰ੍ਹਾਂ ਸ੍ਰੀ ਐਸ.ਸੀ.ਕੌਸਲ ਪ੍ਰਧਾਨ ਪੱਤਰਕਾਰ ਮੋਰਚਾ ਐਸੋਸੀਏਸ਼ਨ(ਰਜਿ) ਦੀ ਦਰਖਾਸਤ,ਗਰਾਮ ਪੰਚਾਇਤ ਦੇ ਮਤੇ ਮਿਤੀ 22-11-2022 ਅਤੇ ਸ੍ਰੀ ਚਰਨਦੀਪ ਸਿੰਘ ਟੈਕਸ ਕੁਲੈਕਟਰ ਕਮ ਪੰਚਾਇਤ ਅਫਸਰ ਅਤੇ ਸ੍ਰੀ ਸੁਖਦੇਵ ਸਿੰਘ ਪੰਚਾਇਤ ਸਕੱਤਰ ਦੀ ਸਾਂਝੀ ਰਿਪੋਰਟ ਨੂੰ ਮੁੱਖ ਰੱਖਦੇ ਹੋਏ ਇਹ ਜਮੀਨ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਧੰਮ ਵੱਲੋਂ ਠੇਕੇ ਤੇ ਲਈ ਜਾਂਦੀ ਸੀ। ਇਹ ਜਮੀਨ ਲਾਰਡ ਕ੍ਰਿਸ਼ਨਾ ਕਾਲਜ ਦੇ ਨਾਲ ਲੱਗਦੀ ਹੈ ਪਰ ਹੁਣ ਇਸ ਵੱਲੋਂ ਇਸ ਜਮੀਨ ਉਪਰ ਨਜਾਇਜ ਕਬਜਾ ਕਰ ਲਿਆ ਹੈ ਅਤੇ ਪੰਚਾਇਤ ਨੂੰ ਠੇਕਾ ਵੀ ਨਹੀਂ ਦੇ ਰਿਹਾ । ਇਸ ਜਮੀਨ ਵਿਚੋਂ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਧੰਮ ਵੱਲੋਂ 40 ਦੇ ਕਰੀਬ ਦਰੱਖਤ ਨਜਾਇਜ ਤੌਰ ਤੇ ਕੱਟ ਲਿਆ ਗਿਆ ਹੈ। ਉਸ ਨੂੰ ਦਰੱਖਤ ਕੱਟਣ ਤੋਂ ਰੋਕਿਆ ਗਿਆ ਸੀ ਉਹ ਰੁਕ ਗਿਆ ਸੀ ਪਰ ਬਾਅਦ ਵਿਚ ਉਸ ਵੱਲੋਂ ਦਰੱਖਤ ਚੱਕ ਕੇ ਵੇਚ ਲਏ ਗਏ ਹਨ ਜਿਸ ਨਾਲ ਗ੍ਰਾਂਮ ਪੰਚਾਇਤ ਨੂੰ ਵਿੱਤੀ ਨੁਕਸਾਨ ਪਹੁੰਚਾਉਣ ਅਤੇ ਨਜਾਇਜ ਕਬਜਾ ਕਰਨ ਕਰਕੇ ਪੁਲਿਸ ਕਾਰਵਾਈ ਕਰਨ ਲਈ ਇਸ ਦਫਤਰ ਦੇ ਪੱਤਰ ਨੰ: 303 ਮਿਤੀ 18-08-2023 ਰਾਹੀ ਆਪ ਜੀ ਦੀ ਸਿਫਾਰਸ ਕੀਤੀ ਗਈ ਸੀ ।ਹੁਣ ਇਹ ਕੇਸ S.C Kaushal ਵੱਲੋਂ ਮਾਨਯੋਗ ਅਦਾਲਤ The National Green Tribunal Principal Bench New Delhi fe Original Application No 428/2023 Date of Hearing 01-09-2023 S.C Kaushal Vs State of Punjab ਦੇ ਨਾਮ ਤੇ ਦਾਇਰ ਕੀਤਾ ਗਿਆ ਹੈ।ਜਿਸ ਦੀ ਸੁਣਵਾਈ ਮਿਤੀ 30-10-2023 ਨੂੰ ਨਿਸਚਿਤ ਕੀਤੀ ਗਈ ਹੈ। ਜਿਸ ਵਿੱਚ ਮਾਨਯੋਗ ਅਦਾਲਤ ਵੱਲੋਂ ਮਿਤੀ 30-10-2023 ਲਈ ਹੇਠ ਲਿਖੇ ਹੁਕਮ ਪਾਸ ਕੀਤੇ ਗਏ ਹਨ।"In view of the

facts and circumstance of the case, we also consider personal appearance of the District Development and Panchayat Officer, Kapurthala (physically) and Deputy Commissioner, Kapurthala (through VC) on the next date of hearing to be essential for producing the relevant documents regarding compliance with environmental norms and assisting this Tribunal in just and proper adjudication of the questions involved in the case and they shall remain present before this Tribunal on that date accordingly.ਉਪਰੋਕਤ ਹੁਕਮਾਂ ਵਿੱਚ ਮਾਨਯੋਗ ਅਦਾਲਤ ਵੱਲੋ ਜਿਨ੍ਹਾਂ ਵਿਕਾਸ ਅਤੇ ਪੰਚਾਇਤ ਅਫਸਰ ਕਪੂਰਥਲਾ ਜੀ ਨੂੰ ਇਸ ਕੇਸ ਵਿੱਚ ਨਿਸਚਿਤ ਮਿਤੀ ਤੇ ਨਿੱਜੀ ਤੌਰ ਤੇ ਅਦਾਲਤ ਵਿੱਚ ਹਾਜਰ ਹੋਣ ਅਤੇ ਡਿਪਟੀ ਕਮਿਸ਼ਨਰ ਕਪੂਰਥਲਾ ਜੀ ਨੂੰ (ਵੀ.ਸੀ) ਰਾਹੀ ਪੇਸ ਹੋਣ ਦੇ ਹੁਕਮ ਦਿੱਤੇ ਗਏ ਹਨ।ਇਸ ਲਈ ਉਪਰਕੋਤ ਕੇਸ ਸਬੰਧੀ ਕੀਤੀ ਗਈ ਕਾਰਵਾਈ ਬਾਰੇ ਜਿਲ੍ਹਾਂ ਵਿਕਾਸ ਅਤੇ ਪੰਚਾਇਤ ਅਫਸਰ ਕਪੂਰਥਲਾ ਜੀ ਵੱਲੋ ਆਪਣੇ ਦਫਤਰ ਦੇ ਪੱਤਰ ਨ: ਪੱਤਰ ਨੰ:ਰੀਡਰ/ਡੀ.ਡੀ.ਪੀ.ਓ/4104 ਮਿਤੀ 25-09-2023 ਰਾਹੀ ਨਿਮਨਹਸਤਾਖਰ ਵੱਲੋਂ ਇਸ ਕੇਸ ਵਿੱਚ ਹੁਣ ਤੱਕ ਕੀਤੀ ਗਈ ਕਾਰਵਾਈ ਸਬੰਧੀ ਲਿਖਤੀ ਰੂਪ ਵਿੱਚ ਹਾਜਰ ਹੋ ਕੇ ਕੇਸ ਸਬੰਧੀ ਕੀਤੀ ਗਈ ਕਾਰਵਾਈ ਤੋ ਜਾਣੂ ਕਰਵਾਉਣ ਲਈ ਕਿਹਾ ਗਿਆ ਹੈ।ਇਸ ਲਈ ਆਪ ਜੀ ਨੂੰ ਇਸ ਪੱਤਰ ਰਾਹੀ ਦੁਬਾਰਾ ਬੇਨਤੀ ਕੀਤੀ ਜਾਦੀ ਹੈ ਕਿ ਸ੍ਰੀ ਐਸ.ਸੀ.ਕੌਸਲ ਪ੍ਰਧਾਨ ਪੱਤਰਕਾਰ ਮੋਰਚਾ ਐਸੋਸੀਏਸ਼ਨ (ਰਜ਼ਿ) ਦੀ ਦਰਖਾਸਤ,ਗਰਾਮ ਪੰਚਾਇਤ ਦੇ ਮਤੇ ਮਿਤੀ 22-11-2022 ਅਤੇ ਸ੍ਰੀ ਚਰਨਦੀਪ ਸਿੰਘ ਟੈਕਸ ਕੁਲੈਕਟਰ ਕਮ ਪੰਚਾਇਤ ਅਫਸਰ ਅਤੇ ਸ੍ਰੀ ਸੁਖਦੇਵ ਸਿੰਘ ਪੰਚਾਇਤ ਸਕੱਤਰ ਦੀ ਸਾਝੀ ਰਿਪੋਰਟ ਨੂੰ ਮੁੱਖ ਰੱਖਦੇ ਹੋਏ ਕਿ ਇਹ ਜਮੀਨ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਧੰਮ ਵੱਲੋ ਠੇਕੇ ਤੇ ਲਈ ਜਾਂਦੀ ਸੀ।ਇਹ ਜਮੀਨ ਲਾਰਡ ਕ੍ਰਿਸ਼ਨਾ ਕਾਲਜ ਦੇ ਨਾਲ ਲੱਗਦੀ ਹੈ ਪਰ ਹੁਣ ਉਸ ਵੱਲੋ ਇਸ ਜਮੀਨ ਉਪਰ ਨਜਾਇਜ ਕਬਜਾ ਕਰ ਲਿਆ ਹੈ ਅਤੇ ਪੰਚਾਇਤ ਨੂੰ ਠੇਕਾ ਵੀ ਨਹੀਂ ਦੇ ਰਿਹਾ । ਇਸ ਜਮੀਨ ਵਿਚੋਂ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਧੰਮ ਵੱਲੋਂ 40 ਦੇ ਕਰੀਬ ਦਰੱਖਤ ਨਜਾਇਜ ਤੌਰ ਤੇ ਕੱਟ ਲਏ ਗਏ ਹਨ। ਉਸ ਨੂੰ ਦਰੱਖਤ ਕੱਟਣ ਤੋਂ ਰੋਕਿਆ ਗਿਆ ਸੀ ਉਹ ਰੁਕ ਗਿਆ ਸੀ ਪਰ ਬਾਅਦ ਵਿਚ ਉਸ ਵੱਲੋ ਦਰੱਖਤ ਚੁੱਕ ਕੇ ਵੇਚ ਲਏ ਗਏ ਹਨ ਜਿਸ ਨਾਲ ਗ੍ਰਾਂਮਪੰਚਾਇਤ ਨੂੰ ਵਿੱਤੀ ਨੁਕਸਾਨ ਹੋਇਆ ਹੈ।ਇਸ ਲਈ ਸ੍ਰੀ ਐਸ.ਸੀ.ਕੌਸਲ ਪ੍ਰਧਾਨ ਪੱਤਰਕਾਰ ਮੋਰਚਾ ਐਸੋਸੀਏਸ਼ਨ(ਰਜ਼ਿ) ਦੀ ਦਰਖਾਸਤ,ਗਰਾਮ ਪੰਚਾਇਤ ਦੇ ਮਤੇ ਮਿਤੀ 22-11-2022 ਅਤੇ ਸ੍ਰੀ ਚਰਨਦੀਪ ਸਿੰਘ ਟੈਕਸ ਕੁਲੈਕਟਰ ਕਮ ਪੰਚਾਇਤ ਅਫਸਰ ਅਤੇ ਸ੍ਰੀ ਸੁਖਦੇਵ ਸਿੰਘ ਪੰਚਾਇਤ ਸਕੱਤਰ ਦੀ ਰਿਪੋਰਟ ਨੂੰ ਮੁੱਖ ਰੱਖਦੇ ਹੋਏ ਸ੍ਰੀ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਧੰਮ ਵਿਰੁੱਧ 40 ਦੇ ਕਰੀਬ ਦਰੱਖਤਾਂ ਦੀ ਕਟਾਂਈ ਕਰਕੇ ਵੇਚਣ,ਗਰਾਮ ਪੰਚਾਇਤ ਨੂੰ ਵਿੱਤੀ ਨੁਕਸਾਨ ਪਹੁੰਚਾਉਣ ਅਤੇ ਗਰਾਮ ਪੰਚਾਇਤ ਦੀ ਸ਼ਾਮਲਾਤ ਜਮੀਨ ਤੇ ਨਜਾਇਜ ਕਬਜਾ ਕਰਨ ਕਰਕੇ ਪੁਲਿਸ ਕਾਰਵਾਈ ਕਰਨ ਦੀ ਸਿਫਾਰਸ ਕੀਤੀ ਜਾਦੀ ਹੈ ਜੀ। SD/- ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਢਿਲਵਾ ਜਿਸ ਪਰ ਮਾਣਯੋਗ SSP ਸਾਹਿਬ ਜੀ ਨੇ PC ਬਰਾਚ ਕਪੂਰਥਲਾ ਤੋ ਨੰਬਰ ਲੱਗਵਾ ਕੇ DSP Bholath For N/A ਸਾਹਿਬ ਜੀ ਨੂੰ ਇੰਨਕੁਆਰੀ ਲਈ ਮਾਰਕ ਕੀਤੀ SD/- Sr Supdt .of Police Kapurthala ਜਿਸ ਪਰ ਮਾਨਯੋਗ ਉਪ ਪੁਲਿਸ ਕਪਤਾਨ ਸਬ ਡਵੀਜਨ ਭੁਲੱਥ ਨੇ ਆਪਣੀ ਸਿੱਟਾ ਰਿਪੋਰਟ ਵਿੱਚ ਲਿਖਿਆ ਕਿ ਮੁੱਖ ਅਫਸਰ ਥਾਣਾ ਸੁਭਾਨਪੁਰ ਦੀ ਰਿਪੋਰਟ ਮੁਤਾਬਿਕ ਉਪਰੋਕਤ ਦਰਖਾਸਤਾ ਦੀ ਦਰਿਆਫਤ ਦੋਰਾਨ ਮੋਕਾ ਦੇਖਿਆ ਗਿਆ, ਜਿਸ ਤੋ ਪਾਇਆ ਗਿਆ ਕਿ ਲਾਰਡ ਕ੍ਰਿਸ਼ਨਾ ਕਾਲਜ ਦੀ

ਬਿਲਡਿੰਗ ਜੋ ਉੱਤਰਵਾਦੀ ਮਾਨ ਸਿੰਘ ਧੰਮ ਦੀ ਪਿੰਡ ਨਿਜਾਮਪੁਰ ਵਿੱਚ ਆਪਣੀ ਮਾਲਕੀ ਜਮੀਨ ਵਿੱਚ ਬਣੀ ਹੋਈ ਹੈ।ਇਸ ਕਾਲਜ ਦੀ ਬਿਲਡਿੰਗ ਦੇ ਸਾਹਮਣੇ ਪਿੰਡ ਬਾਦਸ਼ਾਹਪੁਰ ਦੀ ਪੰਚਾਇਤੀ ਜ਼ਮੀਨ ਹੈ।ਜਿਸ ਵਿੱਚ ਕੁਝ ਸਫੈਦੇ ਅਤੇ ਹੋਰ ਵੀ ਦਰੱਖਤ ਲੱਗੇ ਹੋਏ ਹਨ। ਇਹ ਜਮੀਨ ਵਾਹੀ ਯੋਗ ਨਹੀ ਹੈ।ਕਾਫੀ ਦੇਰ ਦੀ ਇਹ ਜਮੀਨ ਵਿਹਲੀ ਪਈ ਜਾਪਦੀ ਹੈ।ਇਹ ਜਮੀਨ ਵਿਹਲੀ ਪਈ ਰਹਿਣ ਕਾਰਨ ਜਮੀਂਨ ਰੱਕੜ ਬਣੀ ਹੋਈ ਹੈ।ਪਿੰਡ ਬਾਦਸ਼ਾਹਪੁਰ ਦੀ ਪੰਚਾਇਤੀ ਜਮੀਨ 10 ਕਿੱਲੇ 06 ਕਨਾਲ ਪਹਿਲਾਂ ਮਾਨ ਸਿੰਘ ਧੰਮ ਨੇ ਸਾਲ 2002 ਵਿੱਚ 05 ਸਾਲ ਲਈ ਠੇਕੇ ਤੇ ਲਈ ਸੀ।ਉਸ ਤੋ ਬਾਦ ਵਿੱਚ ਇਹ ਜਮੀਨ ਠੇਕੇ ਤੇ ਨਹੀ ਲਈ ਅਤੇ ਹੁਣ ਇਸ ਜਮੀਨ ਵਿੱਚੋ 06 ਕਿੱਲੇ ਜਮੀਨ ਜੋ ਕਾਲਜ ਦੀ ਬਿਲਡਿੰਗ ਦੇ ਸਾਹਮਣੇ ਹੈ।ਮਿਤੀ 12-06-2023 ਨੂੰ ਮਾਨ ਸਿੰਘ ਧੰਮ ਨੇ ਬੋਲੀ 90,000/ਰੁਪਏ ਦੀ ਦੇ ਕਿ ਇੱਕ ਸਾਲ ਲਈ ਪਟੇ ਤੇ ਲੈ ਲਈ ਹੈ।ਇਸ ਜਮੀਨ ਦੇ ਨਾਲ ਹੀ ਚੜ੍ਹਦੇ ਪਾਸੇ ਛੱਪੜ ਪੰਚਾਇਤੀ ਜਮੀਨ ਵਿੱਚ ਬਣਿਆ ਹੋਇਆ ਹੈ। ਜਿਸ ਵਿੱਚ ਪਾਣੀ ਖੜਾ ਹੈ, ਇਹ ਪੰਚਾਇਤੀ ਜਮੀਨ ਪਹਿਲਾਂ ਇੱਟਾਂ ਵਾਲੇ ਭੱਠੇ ਲਈ ਮਿੱਟੀ ਪੁੱਟ ਕੇ ਇੱਟਾਂ ਬਣਾਉਣ ਲਈ ਵਰਤੀ ਜਾਂਦੀ ਰਹੀ ਹੈ।ਇਸ ਲਈ ਇਸ ਜਮੀਨ ਵਿੱਚ ਮਿੱਟੀ ਪੁੱਟੀ ਹੋਣ ਕਾਰਨ ਛੱਪੜ ਬਣਿਆ ਹੋਇਆ ਹੈ।ਕਾਲਜ ਦੇ ਸਾਹਮਣੇ ਵਾਲੀ ਜਮੀਨ ਜਿਥੇ ਦਰੱਖਤ ਕੱਟੇ ਜਾਣ ਬਾਰੇ ਲਿਖਿਆ ਹੈ।ਮੌਕਾ ਤੇ 04 ਮੁੱਢ ਸਫੈਦੇ ਅਤੇ 07 ਮੱਢ ਤਰੈਕਾ ਦੇ ਕੱਟੇ ਹੋਏ ਦਿਖਾਈ ਦਿੰਦੇ ਹਨ।ਜੋ ਇਹਨਾਂ ਜਗਾਵਾਂ ਤੇ ਦੱਰਖਤ ਕੱਟੇ ਜਾਣੇ ਦਰਸਾਉਦੇ ਹਨ ਅਤੇ ਇਸ ਜਮੀਨ ਵਿੱਚ ਕੱਟੇ ਗਏ ਸਫੈਦੇ ਦੇ ਦਰਖਤ ਦੇ ਮੋਛੇ ਅਤੇ ਤਰੈਕਾਂ ਦੇ ਦਰੱਖਤਾਂ ਦੇ ਮੋਛੇ ਵੀ ਇਸੇ ਜਮੀਨ ਵਿੱਚ ਪਏ ਹਨ।ਪਰ ਇਸ ਜਮੀਨ ਵਿੱਚੋ ਦਰਖਾਸਤ ਵਿੱਚ ਮਿਤੀ 15-11-2022 ਨੂੰ ਦਰਖਾਸਤ ਵਿੱਚ ਕੱਟੇ ਜਾਣ ਬਾਰੇ ਲਿਖਿਆ ਹੈ।ਪਰ ਦਰਖਾਸਤ ਦਹਿੰਦਾ ਦੂਜੀ ਧਿਰ ਐਸ.ਸੀ ਕੋਸਿਲ ਇਹ ਦਰੱਖਤ ਮਿਤੀ 15-12-2022 ਨੂੰ ਆਪਣੇ ਬਿਆਨ ਵਿੱਚ ਦਰੱਖਤ ਕੱਟਣ ਬਾਰੇ ਲਿਖਾ ਰਿਹਾ ਹੈ ਅਤੇ ਬਿਆਨ ਵਿੱਚ ਲਿਖਾਇਆ ਹੈ ਕਿ ਜੋ ਲੇਬਰ ਦੱਰਖਤ ਕੱਟ ਰਹੀ ਸੀ, ਉਸ ਨੂੰ ਨਹੀ ਜਾਣਦਾ, ਜਦੋਂ ਕਿ ਦੂਜੀ ਧਿਰ ਮਾਨ ਸਿੰਘ ਦੇ ਪਰਿਵਾਰ ਨਾਲ ਐਸ.ਸੀ. ਕੋਸ਼ਿਲ ਨਾਲ ਸਿਵਲ ਕੇਸ ਵੀ ਚੱਲ ਰਹੇ ਹਨ।ਇਹ ਦਰੱਖਤ ਕੱਟਣ ਬਾਰੇ ਪੰਚਾਇਤੀ ਮਤਾ ਮਿਤੀ 22-11-22 ਨੂੰ ਪਾਇਆ ਗਿਆ ਹੈ। ਜਿਸ ਤੋਂ ਇਹ ਦਰੱਖਤ ਮਾਂਹ ਨਵੰਬਰ ਵਿੱਚ ਕੱਟੇ ਜਾਣ ਬਾਰੇ ਸੰਕੇਤ ਮਿਲਦਾ ਹੈ।ਪਿੰਡ ਬਾਦਸ਼ਾਹਪੁਰ ਦੇ ਮੌਜੂਦਾ ਸਰਪੰਚ ਦਿਆਲ ਸਿੰਘ ਦੇ ਬਿਆਨ ਵਿੱਚ ਇਹ ਗੱਲ ਆਈ ਹੈ ਕਿ ਉਸ ਨੇ ਇਸ ਪੰਚਾਇਤੀ ਜਮੀਨ ਦੀ ਕੋਈ ਬੋਲੀ ਨਹੀ ਕਰਾਈ।ਇਸ ਜਮੀਨ ਤੇ ਕੋਈ ਫਸਲ ਵਗੈਰਾ ਨਹੀ ਲੱਗੀ ਤੇ ਇਹ ਜਮੀਨ ਦੀ ਭੱਠੇ ਵਾਲੀ ਜਗਾ ਹੋਣ ਕਾਰਨ ਰੱਕੜ ਬਣਿਆ ਹੋਇਆ ਹੈ।ਇਸ ਪੰਚਾਇਤੀ ਜਮੀਨ ਵਿੱਚ ਮਾਨ ਸਿੰਘ ਧੰਮ ਦੇ ਕਾਲਜ ਦੇ ਸਾਹਮਣੇ ਮਾਨ ਸਿੰਘ ਧੰਮ ਵੱਲੋ ਇੱਕ ਕਮਰਾ ਬਣਾਇਆ ਹੋਇਆ ਹੈ।ਜੋ ਪੰਚਾਇਤੀ ਜਮੀਨ ਤੇ ਨਜਾਇਜ ਕਬਜਾ ਸਾਬਤ ਕਰਦਾ ਹੈ।ਹੁਣ ਸਬੰਧਤ ਵਿਭਾਗ ਵੱਲੋ ਮਿਤੀ 12-6-23 ਨੂੰ ਇਸ ਪੰਚਾਇਤੀ ਜਮੀਨ ਦਾ ਇੱਕ ਸਾਲ ਲਈ ਮਾਨ ਸਿੰਘ ਧੰਮ ਦੇ ਨਾਮ ਤੇ ਪਟਾ ਕੀਤਾ ਹੋਇਆ ਹੈ ਜਦੋਂ ਕਿ ਵਿਭਾਗ ਨੂੰ ਇਹ ਪਟਾ ਕਰਨ ਤੇ ਪਹਿਲਾਂ ਨਜਾਇਜ ਕਬਜੇ ਵਾਲੀ ਜਗਾ ਦੇ ਬਣਦੇ ਪੈਸੇ ਲੈਣੇ ਚਾਹੀਦੇ ਸਨ ਜਾਂ ਇਸ ਪੰਚਾਇਤੀ ਜ਼ਮੀਨ ਦਾ ਪਟਾ ਨਹੀ ਦੇਣਾ ਚਾਹੀਦਾ ਸੀ। ਹੁਣ ਮੌਕਾ ਤੇ ਇਸ ਪੰਚਾਇਤੀ ਜਮੀਨ ਤੇ ਮਾਨ ਸਿੰਘ ਧੰਮ ਦਾ ਕਬਜਾ ਹੈ ਕਿਉਕਿ ਸਬੰਧਤ ਵਿਭਾਗ ਵੱਲੋ ਮਾਨ ਸਿੰਘ ਧੰਮ ਨੂੰ ਇਸ ਜਗਾ ਦਾ ਪਟਾ ਦਿੱਤਾ ਗਿਆ ਹੈ।ਦੋਰਾਨੇ ਦਰਿਆਫਤ ਦਿਆਲ ਸਿੰਘ ਸਰਪੰਚ ਬਾਦਸ਼ਾਹਪੁਰ ਨੇ ਆਪਣੇ ਬਿਆਨ ਵਿੱਚ ਲਿਖਾਇਆ ਹੈ ਕਿ ਉਹ ਸਾਲ 2017 ਵਿੱਚ ਪਿੰਡ ਦਾ ਸਰਪੰਚ ਬਣਿਆ ਹੈ, ਉਸਨੇ ਸਰਪੰਚ ਬਣਨ ਤੇ ਹੁਣ ਤੱਕ ਪੰਚਾਇਤੀ ਜਮੀਨ ਦੀ ਕੋਈ ਬੋਲੀ ਨਹੀ ਹੋਈ ਅਤੇ ਨਾ ਹੀ ਪੰਚਾਇਤ ਵੱਲੋ ਇਹ ਜਮੀਨ ਕਿਸੇ ਨੂੰ ਪਟੇ ਤੇ ਦਿੱਤੀ ਗਈ ਹੈ।ਪਰ ਸਾਲ 2023 ਵਿੱਚ ਪੰਚਾਇਤਾ ਭੰਗ ਹੋਣ ਕਾਰਨ ਇਸ ਪੰਚਾਇਤੀ ਜਮੀਨ ਦਾ ਮਿਤੀ 12-6-23 ਨੂੰ ਪੰਚਾਇਤ ਪ੍ਰਬੰਧਕ ਵੱਲੋ ਇੱਕ ਸਾਲ ਲਈ

ਪਟਾ ਮਾਨ ਸਿੰਘ ਧੰਮ ਦੇ ਨਾਮ ਤੇ ਕਰ ਦਿੱਤਾ ਗਿਆ ਹੈ। ਹੁਣ ਇਸ ਪੰਚਾਇਤੀ ਜਮੀਨ ਤੇ ਮਾਨ ਸਿੰਘ ਧੰਮ ਕਾਬਜ ਹੈ।ਇਸ ਪੰਚਾਇਤੀ ਜਮੀਨ ਵਿੱਚੋ ਜੋ 11 ਦੱਰਖਤ ਜਿੰਨਾ ਦੇ ਮੋਕਾ ਤੇ ਮੰਢ ਮੌਜੂਦ ਹਨ, ਇਹ ਦੱਰਖਤ ਦਰਖਾਸਤ ਦੀ ਖੁਫੀਆ ਤੇ ਐਲਾਨੀਆ ਪੜਤਾਲ ਤੋ ਮਾਨ ਸਿੰਘ ਧੰਮ ਵੱਲੋ ਹੀ ਪੰਚਾਇਤੀ ਜਮੀਨ ਵਿੱਚੋ ਕੱਟੇ ਜਾਣੇ ਪਾਏ ਗਏ ਹਨ ਅਤੇ ਮਾਨ ਸਿੰਘ ਧੰਮ ਵੱਲੋ ਇਹਨਾ ਕਟਾਏ ਗਏ 11 ਦਰੱਖਤਾ ਦੇ ਮੋਛੇ ਅਤੇ ਮਲਬਾ ਵੀ ਮੋਕਾ ਤੇ ਹੀ ਮੌਜੂਦ ਪਿਆ ਹੈ।ਜਿਸ ਤੋ ਮਾਨ ਸਿੰਘ ਧੰਮ ਵੱਲੋ ਦੱਰਖਤ ਕੱਟ ਕੇ ਚੋਰੀ ਕਰਕੇ ਲੈ ਜਾਣ ਸਬੰਧੀ ਕੋਈ ਗੱਲ ਸਾਹਮਣੇ ਨਹੀ ਆਈ ਕਿਉਕਿ ਦੱਰਖਤ ਦੇ ਮੋਛੇ ਵੀ ਮੋਕਾ ਤੇ ਮੌਜੂਦ ਹਨ।ਇਸ ਪੰਚਾਇਤੀ ਜਮੀਨ ਵਿੱਚੋ ਜੋ ਦਰੱਖਤ ਮਾਨ ਸਿੰਘ ਧੰਮ ਵੱਲੋਂ ਕੱਟੇ ਗਏ ਹਨ, ਬਾਰੇ The National Green Tribunal Principal Bench New Dehli ਪਾਸ ਕੇਸ ਸੁਣਵਾਈ ਲਈ ਵਿਚਾਰ ਅਧੀਨ ਹੈ।ਜਿਸ ਵਿੱਚ The National Green Tribunal Principal Bench New Dehli ਵੱਲੋ ਮਿਤੀ 30-10-3023 ਲਈ ਹੁੱਕਮ ਪਾਸ ਕੀਤਾ ਗਿਆ ਹੈ ਕਿ "In view of the fact and circumstance of the case we also consider personal appearance of the district development and panchayat officer ,kapurthala (physically) and deputy commissioner kapurthala (through) on the next date of hearing to be essential for producing the relevant documents regarding complinnce with environmental norms and assisting this tribunal in just and proper adjudication of the question involved in the case and they shall remain present before this tribunalon that date accordingly.ਇਸ ਕੇਸ ਦੀ ਅਗਲੀ ਤਰੀਕ 05-12-2023 ਹੈ ਇਸ ਹੁਕਮ ਅਨੁਸਾਰ ਜੋ environmental norms ਸਬੰਧੀ ਰਿਪੋਰਟ ਮੰਗੀ ਗਈ ਹੈ, ਜੋ ਮੁਤੱਲਕਾ ਪੁਲਿਸ ਵਿਭਾਗ ਨਹੀ ਹੈ।ਮੁੱਖ ਅਫਸਰ ਥਾਣਾ ਸੁਭਾਨਪੁਰ ਦੀ ਰਿਪੋਰਟ ਮੁਤਾਬਿਕ ਪਿੰਡ ਬਾਦਸਾਹਪੁਰ ਦੀ ਪੰਚਾਇਤੀ ਜਮੀਂਨ ਵਿੱਚ ਮਾਨ ਸਿੰਘ ਧੰਮ ਵੱਲੋ ਇੱਕ ਕਮਰਾ ਬਣਾ ਕੇ ਨਜਾਇਜ ਕਬਜਾ ਕੀਤਾ ਹੋਇਆ ਹੈ ਅਤੇ ਇਸ ਜਮੀਨ ਵਿੱਚੋ ਜੋ ਦੱਰਖਤ ਮਾਨ ਸਿੰਘ ਧੰਮ ਵੱਲੋ ਕੱਟੇ ਗਏ ਹਨ, ਇਸ ਸਬੰਧੀ ਕੀ ਜੁਰਮ ਬਣਦਾ ਹੈ, ਬਾਰੇ ਡੀ.ਏ ਲੀਗਲ ਸਾਹਿਬ ਜੀ ਪਾਸੋ ਕਾਨੂੰਨੀ ਰਾਏ ਲੈਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। SD/- ਉਪ ਪੁਲਿਸ ਕਪਤਾਨ ਸਬ ਡਵੀਜਨ ਭੁਲੱਥ ਮਿਤੀ 23.11.2023 ਜਿਸ ਤੇ ਮਾਨਯੋਗ DSP Bholath ਸਾਹਿਬ ਜੀ ਨੇ ਆਪਣੀ ਰਿਪੋਰਟ ਤਿਆਰ ਕਰਕੇ ਮਾਨਯੋਗ ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਜੀ ਦੀ ਸੇਵਾ ਵਿੱਚ ਭੇਜੀ ਜੋ ਮਾਨਯੋਗ ਸੀਨੀਅਰ ਪੁਲਿਸ ਕਪਤਨ ਕਪੂਰਥਲਾ ਜੀ ਨੇ ਇਸ ਰਿਪੋਰਟ ਨਾਲ ਸਹਿਮਤ ਹੁੰਦੇ ਹੋਏ ਇਸ ਰਿਪੋਰਟ ਪਰ ਲਿਖਿਆ ਕਿ DA Legal For Opinion SD/- Sr. Supdt . of Police Kapurthala Date ਜੋ D.A Legal ਨੇ ਆਪਣੇ ਦਫਤਰ ਦੇ ਪੱਤਰ ਨੰਬਰ 48 ਆਰ/ਡੀ.ਐਲ.ਏ ਮਿਤੀ 25-11-2023 ਨਾਲ ਜੋ ਕੁਝ ਆਪਣੀ ਰਾਏ ਵਿੱਚ ਲਿਖਿਆ ਦਾ ਮਜਬੂਨ ਜੈਲ ਹੈ ਵਿਸ਼ਾ:ਦਰਖਾਸਤ ਨੰ. 149-D, ਮਿਤੀ 12.10.2023, 151-D. ਮਿਤੀ 12.10.2023, 185-AS ਮਿਤੀ 02.10.2023 ਅਤੇ UID 250517 ਮਿਤੀ 21.10.2023 ਵੱਲੋਂ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਢਿਲਵਾਂ, ਜ਼ਿਲ੍ਹਾ ਕਪੂਰਥਲਾ ਅਤੇ ਸ਼੍ਰੀ ਐਸ.ਸੀ. ਕੌਸ਼ਿਲ, ਪ੍ਰੈਸੀਡੈਂਟ ਪੱਤਰਕਾਰ ਮੋਰਚਾ ਐਸੋਸੀਏਸ਼ਨ ਦੇ ਸਬੰਧ ਵਿੱਚ।ਵਿਸ਼ਾ ਅਧੀਨ ਦਰਜ ਦਰਖਾਸਤਾਂ ਅਤੇ ਉਹਨਾਂ ਦੀ ਸੰਯੁਕਤ ਪੜਤਾਲ ਰਿਪੋਰਟ ਮਿਤੀ 23.11.2023 ਵੱਲੋਂ ਉਪ-ਪੁਲਿਸ ਕਪਤਾਨ, ਭੁਲੱਥ, ਜ਼ਿਲ੍ਹਾ ਕਪੂਰਥਲਾ ਅਤੇ ਨੱਥੀ-ਸ਼ੁਦਾ ਮੌਸੂਲ ਹੋਏ ਦਸਤਾਵੇਜ਼ਾਂ ਨੂੰ ਨਿਮਨ-ਹਸਤਾਖਰ ਵੱਲੋਂ ਵਾਚਿਆ ਗਿਆ।

ਪੜਤਾਲਿਆ ਅਫਸਰ ਨੇ ਵਿਸ਼ਾ ਅਧੀਨ ਦਰਜ ਦਰਖਾਸਤਾਂ ਦੀ ਸਬੰਧੀ ਪੜਤਾਲ ਰਿਪੋਰਟ ਮਿਤੀ 23.11.2023 (ਉਕਤ) ਵਿੱਚ ਇਹ ਸਿੱਟਾ ਕੱਢਿਆ ਹੈ ਕਿ ਮਾਨ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਪਿੰਡ ਧੰਮ, ਜ਼ਿਲ੍ਹਾ ਕਪੂਰਥਲਾ ਵੱਲੋਂ ਪੰਚਾਇਤ ਦੀ ਸ਼ਾਮਲਾਟ ਜ਼ਮੀਨ ਪਰ ਇੱਕ ਕਮਰਾ ਬਣਾ ਕੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ ਅਤੇ ਇਸ ਜ਼ਮੀਨ ਪਰ ਲੱਗੇ ਦਰਖਤ ਵੀ ਮਾਨ ਸਿੰਘ ਵੱਲੋਂ ਹੀ ਕੱਟਵਾਏ ਜਾਣੇ ਪਾਏ ਗਏ ਹਨ।ਜ਼ਿਲ੍ਹਾ ਪੁਲਿਸ ਵੱਲੋਂ ਉਕਤ ਦਰਖਾਸਤਾ ਦੀ ਕੀਤੀ ਪੜਤਾਲ ਵਿੱਚ ਆਏ ਤੱਥਾਂ ਦੀ ਰੋਸ਼ਨੀ ਵਿੱਚ, ਮੇਰੀ ਰਾਏ ਮੁਤਾਬਿਕ, ਉਕਤ ਮਾਮਲੇ ਵਿੱਚ ਪਹਿਲੀ-ਨਜ਼ਰੇ ਜੁਰਮ ਅਧੀਨ ਧਾਰਾ 447, 379, 427 ਭ.ਦ. ਦਾ ਹੋਣਾ ਪਾਇਆ ਜਾਂਦਾ ਹੈ ਅਤੇ ਸਬੰਧਤ ਥਾਣਾ ਵਿਖੇ ਮੁਕੱਦਮਾ ਦਰਜ ਕੀਤਾ ਜਾ ਸਕਦਾ ਹੈ। ਰਿਪੋਰਟ ਆਪ ਜੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ SD/- ਉਪ -ਜਿਲਾ ਅਟਾਰਨੀ (ਲੀਗਲ਼) ਕਪੂਰਥਲਾ ਮਿਤੀ 25-11-2023 ਜੋ ਇਹ ਪੱਤਰ ਉਪ ਜਿਲਾ ਅਟਾਰਨੀ ਕਪੂਰਥਲਾ ਨੇ ਮਾਨਯੋਗ ਸੀਨੀਅਰ ਪੁਲਿਸ ਕਪਤਾਨ ਜੀ ਨੂੰ ਭੇਜਿਆ ਜੋ ਇਸ ਪੱਤਰ ਪਰ ਮਾਨਯੋਗ ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਜੀ ਨੇ ਲਿਖਿਆ ਕਿ Approved register FIR To ,SHO Subhanpur For Further Action .SD/- Sr. Supdt. of Police Kapurthala ਅੱਜ ਥਾਣਾ- ਹਸਬ ਆਮਦ ਉਕਤ ਦਰਖਾਸਤਾ ਸਮੇਤ ਇਨਕੁਆਰੀ ਰਿਪੋਰਟ ਸਫਾ ਨੰਬਰ 1 ਤੋ 178 ਤੱਕ ਬਜਰੀਆ ਡਾਕ ਮੌਸੂਲ ਥਾਣਾ ਹੋਣ ਤੇ ਮੁਕੱਦਮਾ ਉਕਤ ਬਾ ਜੁਰਮ ਮਜ਼ਕੂਰ ਦਰਜ ਰਜਿਸਟਰ ਕਰਕੇ ਨਕਲ FIR ਸਮੇਤ ਅਸਲ ਦਰਖਾਸਤਾ ਤੇ ਸਮੇਤ ਇੰਨਕੁਆਰੀ ਰਿਪੋਰਟ ਸਫਾ ਨੰਬਰ 1 ਤੋ 178 ਤੱਕ ਅਗਲੀ ਤਫਤੀਸ਼ ਲਈ ASI ਪਰਮਜੀਤ ਸਿੰਘ 323/ਕਪੂ ਚੋਕੀ ਇੰਚਾਰਜ ਬਾਦਸ਼ਾਹਪੁਰ ਹੱਥੀ CT ਪ੍ਰਭਜੋਤ ਸਿੰਘ 464/ਕਪੂ ਭੇਜੀ ਗਈ ਕੰਟਰੋਲ ਰੂਮ ਪਰ ਬਜਰੀਆ ਵਾਇਰਲੈਸ ਇਤਲਾਹ ਦਿੱਤੀ ਜਾ ਰਹੀ ।ਤਕਮੀਲ ਰਿਕਾਰਡ ਥਾਣਾ ਕੀਤੀ ਜਾ ਰਹੀ ਹੈ ।ਤਕਮੀਲ ਰਪਟ ਨੰਬਰ 33 ਮਿਤੀ 25-11-2023 ਵਕਤ 11-45 PM

13 Action taken: Since the above information reveals commission of offence(s) u/s as mentioned at Item No. 2.
(ਕਾਰਵਾਈ : ਉਪਰੋਕਤ ਜਾਣਕਾਰੀ ਨਾਲ ਪਤਾ ਚੱਲਦਾ ਹੈ ਕਿ ਅਪਰਾਧ ਕਰਨ ਦਾ ਤਰੀਕਾ ਸੰ. ਨੰ 2 . ਵਿੱਚ ਦਰਸਾਈ ਧਾਰਾ ਦੇ ਤਹਿਤ ਹੈ):

(1) Registered the case and took up the investigation (ਕੇਸ ਦਰਜ ਕੀਤਾ ਗਿਆ ਅਤੇ ਪੜਤਾਲ ਨੂੰ ਲੇ ਲਿਆ): or (ਜਾਂ)

(2) Directed (Name of I.O.): (ਤਫਤੀਸ਼ੀ ਅਧਿਕਾਰੀ ਦਾ ਨਾਮ ): PARAMJIT SINGH Rank (ਅਹੁਦਾ): Asst. SI (Assistant Sub-Inspector)
No(ਨੰ): 323/KPT to take up the Investigation (ਨੂੰ ਜਾਂਚ ਆਪ ਪਾਸ ਲੈਣ ਲਈ ਨਿਰਦੇਸ਼ ਦਿੱਤਾ ਗਿਆ) or(ਜਾਂ

(3) Refused investigation due to (ਕਿਸ ਕਾਰਨ ਕਰਕੇ ਇਨਕਾਰ ਕੀਤਾ) :

or (ਜਾਂ)

(4) Transferred to P.S. (ਥਾਣਾ): District (ਜ਼ਿਲ੍ਹਾ):

on point of jurisdiction (ਹੱਦਬੰਦੀ ਕਾਰਣ) .

F.I.R.read over to the complainant/informant,admitted to be correctly recorded and a copy given to the complainant/informant free of cost. (ਸ਼ਿਕਾਇਤਕਰਤਾ/ਸੂਚਨਾਕਰਤਾ ਨੂੰ ਪ੍ਰਾਥਮਿਕੀ ਪੜ੍ਹ ਕੇ ਸੁਣਾਈ ਗਈ ,ਸਹੀ ਦਰਜ ਹੋਇਆ ਮੰਨਿਆ ਅਤੇ ਇੱਕ ਕਾਪੀ ਮੁਫ਼ਤ ਸ਼ਿਕਾਇਤਕਰਤਾ ਨੂੰ ਦਿੱਤੀ ਗਈ |)

R.O.A.C.(ਆਰ.ਓ .ਏ .ਸੀ.)

14. Signature/Thumb impression of the complainant / informant (ਸ਼ਿਕਾਇਤਕਰਤਾ/ਸੂਚਨਾਕਰਤਾ ਦੇ ਹਸਤਾਖ਼ਰ / ਅੰਗੂਠੇ ਦਾ ਨਿਸ਼ਾਨ):

15. Date and time of dispatch to the court (ਅਦਾਲਤ ਵਿੱਚ ਪੇਸ਼ ਕਰਨ ਦੀ ਤਰੀਕ ਅਤੇ ਸਮਾਂ):

Signature of Officer in charge, Police Station
(ਥਾਣਾ ਪ੍ਰਭਾਰੀ ਦੇ ਹਸਤਾਖ਼ਰ)
Name(ਨਾਮ): Baljit Singh
Rank (ਅਹੁਦਾ): SI (Sub-Inspector)
No(ਸੰ.): 552/ASR-R

N.C.R.B/ਐਨ.ਸੀ.ਆਰ.ਬੀ

I.I.F.-I /ਏਕੀਕ੍ਰਿਤ ਤਫਤੀਸ਼ੀ ਫਾਰਮ -I

Attachment to item 7 of First Information Report (ਅੱਵਲ ਸੂਚਨਾ ਰਿਪੋਰਟ ਦੇ ਮਦ 7 ਸੰਲਗਨਕ):
Physical features, deformities and other details of the suspect/accused: ( If known / seen )
(ਸ਼ੱਕੀ ਮੁਲਜ਼ਮ ਦੀ ਸਰੀਰਕ ਵਿਸ਼ੇਸ਼ਤਾ,ਵਿਕਾਰ ਅਤੇ ਹੋਰ ਵੇਰਵਾ: (ਜੇਕਰ ਵਾਕਿਫ਼/ਦੇਖਿਆ ਗਿਆ ))

| S.No. (ਲੜੀ ਨੰ.) | Sex (ਲਿੰਗ) | Date/Year of Birth (ਜਨਮ ਮਿਤੀ/ਸਾਲ) | Build (ਬਣਾਵਟ) | Height (cms.) | Complexion (ਰੰਗ) | Identification Mark(s) (ਪਛਾਣ ਚਿੰਨ੍ਹ) |
|---|---|---|---|---|---|---|
| 1 | 2 | 3 | 4 | 5 | 6 | 7 |
| 1 | Male | | | | | Poxpitted: NO |

| Deformities/ Peculiarities (ਵਿਕਾਰ / ਵਿਸ਼ੇਸ਼ਤਾ) | Teeth (ਦੰਦ) | Hair (ਵਾਲ) | Eyes (ਅੱਖਾਂ) | Habit(s) (ਆਦਤਾਂ) | Dress Habit(s) (ਪਹਿਰਾਵਾ) |
|---|---|---|---|---|---|
| 8 | 9 | 10 | 11 | 12 | 13 |
| | | | | | |

| Language /Dialect (ਭਾਸ਼ਾ/ਬੋਲੀ) | Place Of(ਦਾ ਸਥਾਨ) | | | | | Others (ਹੋਰ) |
|---|---|---|---|---|---|---|
| | Burn Mark (ਸੜੇ ਹੋਏ ਦਾ ਨਿਸ਼ਾਨ) | Leucoderma (ਚਿੱਟਾ ਰੋਗ) | Mole (ਮਹੁਕਾ) | Scar (ਜ਼ਖਮ) | Tattoo (ਗੁੱਦੇ ਹੋਏ ਦਾ) | |
| 14 | 15 | 16 | 17 | 18 | 19 | 20 |
| | | | | | | |

These fields will be entered only if complainant/informant gives any one or more particulars about the suspect/accused. (ਇਹ ਖੇਤਰ ਤਦੇ ਦਰਜ ਕੀਤੇ ਜਾਣਗੇ ਜੇਕਰ ਸ਼ਿਕਾਇਤਕਰਤਾ / ਸੂਚਨਾਕਰਤਾ ਸ਼ੱਕੀ / ਮੁਲਜ਼ਮ ਦੇ ਬਾਰੇ ਕੋਈ ਇੱਕ ਜਾਂ ਵੱਧ ਜਾਣਕਾਰੀ ਦਿੰਦਾ ਹੈ |)